Please read the articles below. While we as Sikhs should not isolate ourselves from culturally participating in religious festivals of other communities, but we also need to be aware of the impact of blindly allowing these festivals to become a part of Sikhism. Please read on...........

---

# ਦੀਵਾਲੀ ਤੇ ਦਰਬਾਰ ਸਾਹਿਬ 'ਚ ਆਤਿਸ਼ਬਾਜ਼ੀ

*ਡਾ: ਹਰਜਿੰਦਰ ਸਿੰਘ ਦਿਲਗੀਰ*

ਜਦੋਂ ਤੁਹਾਨੂੰ ਇਹ ਲੇਖ ਮਿਲੇਗਾ ਉਦੋਂ ਤਕ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਚੁਕੇ ਹੋਣਗੇ । ਮੈਂ ਇਹ ਨਹੀਂ ਲਿਖਿਆ ਕਿ ਹਿੰਦੂ ਤੇ ਸਿੱਖ ਦੋਵੇਂ ਦੀਵਾਲੀ ਮਨਾ ਚੁਕੇ ਹੋਣਗੇ, ਮੈਂ ਸਿਰਫ਼ ਹਿੰਦੂਆਂ ਵੱਲੋਂ ਦੀਵਾਲੀ ਮਨਾਉਣ ਦੀ ਗੱਲ ਕੀਤੀ ਹੈ । ਇਸ ਦੀ ਵਜਹ ਇਹ ਹੈ ਕਿ ਦੀਵਾਲੀ ਤਿਉਹਾਰ ਦਾ ਸਿੱਖਾਂ ਨਾਲ ਕੋਈ ਸਬੰਧ ਨਹੀਂ ਹੈ । ਮੈਂ ਇਸ ਬਾਰੇ ਪਹਿਲੋਂ ਵੀ "ਸਿੱਖਾਂ ਦੇ ਤਿਉਹਾਰ ਕਿਹੜੇ ਹਨ" ਹੈਡਿੰਗ ਹੇਠ ਲਿਖੇ ਲੇਖ ਵਿਚ ਤਫ਼ਸੀਲ ਨਾਲ ਲਿਖ ਚੁਕਿਆ ਹਾਂ । {ਵੇਖੋ ਕਿਤਾਬ: "ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ" ਪ੍ਰਕਾਸ਼ਕ: ਚਤਰ ਸਿੰਘ ਜੀਵਨ ਸਿੰਘ ਅਮ੍ਰਿਤਸਰ} । ਇਕ ਗੱਲ ਦਾ ਜ਼ਿਕਰ ਏਥੇ ਫਿਰ ਕਰ ਦੇਂਦਾ ਹਾਂ ਕਿ ਗੁਰੂ ਹਰਗੋਬਿੰਦ ਸਾਹਿਬ ਅੰਮ੍ਰਿਤਸਰ ਵਿਚ ਦੀਵਾਲੀ ਦੇ ਦਿਨ (ਯਾਨਿ ਕੱਤਕ ਵਦੀ 30 ਨੂੰ) ਨਹੀਂ ਆਏ ਸਨ । ਉਹ ਗਵਾਲੀਅਰ ਚੋਂ ਰਿਹਾ ਹੋ ਕੇ ਸਿੱਧੇ ਗੋਇੰਦਵਾਲ ਗਏ ਸਨ ਤੇ ਉਥੋਂ 28.12.1620 ਦੇ ਦਿਨ ਅੰਮ੍ਰਿਤਸਰ ਪੁੱਜੇ ਸਨ । ਇਸ ਦਿਨ ਦੀਵਾਲੀ ਨਹੀਂ ਸੀ । ਅੰਮ੍ਰਿਤਸਰ ਵਿਚ ਦੀਵਾਲੀ ਦਾ ਤਿਉਹਾਰ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਨਹੀਂ ਸੀ ਮਨਾਇਆ ਜਾਂਦਾ । ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡ ਸਾਡੇ ਕੋਲ ਮੌਜੂਦ ਹਨ । ਉਨ੍ਹਾਂ ਵਿਚ 1830 ਤਕ ਅੰਮ੍ਰਿਤਸਰ ਵਿਚ ਦੀਵਾਲੀ ਮਨਾਏ ਜਾਣ ਦਾ ਕੋਈ ਜ਼ਿਕਰ ਨਹੀਂ ਹੈ ਤੇ ਇਸ ਤੋਂ ਬਾਅਦ ਹਰ ਸਾਲ ਦੀਵਾਲੀ ਦੇ ਦਿਨ ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੰਡਤਾਂ ਨੂੰ ਪੈਸੇ, ਗਊਆਂ ਤੇ ਹੋਰ ਦਾਨ ਦੇਣ ਦੀ ਚੋਖੀ ਲੰਮੀ ਤਫ਼ਸੀਲ ਮਿਲਦੀ ਹੈ । ਰਣਜੀਤ ਸਿੰਘ ਵੀ ਵਿਚਾਰਾ ਫਸਿਆ ਹੋਇਆ ਸੀ । ਉਸ ਦੇ ਸਾਰੇ ਵਜ਼ੀਰ ਜਾਂ ਤਾਂ ਪਹਾੜੀਏ ਸਨ, ਜਾਂ ਕਸ਼ਮੀਰ ਦੇ ਡੋਗਰੇ ਤੇ ਜਾਂ ਯੂ.ਪੀ. ਦੇ ਬ੍ਰਾਹਮਣ । ਸਿੱਖਾਂ ਨੂੰ ਤਾਂ ਉਹ ਸ਼ਰੀਕ ਸਮਝਦਾ ਸੀ ਤੇ ਨੇੜੇ ਨਹੀਂ ਸੀ ਢੁਕਣ ਦੇਂਦਾ ਤੇ ਨਾਲੇ ਸਿੱਖ ਉਸ ਨੂੰ ਸ਼ਰਾਬ, ਜਵਾਨ ਕੁੜੀਆਂ ਤੇ ਅਫ਼ੀਮ ਦੇ ਨੇੜੇ ਕਿਥੇ ਢੁਕਣ ਦੇਂਦੇ । ਚਲੋ ਰਣਜੀਤ ਸਿੰਘ ਦਾ ਆਪੇ ਬੁਣਿਆ ਜਾਲ ਉਸ ਦੀ ਤਬਾਹੀ ਦਾ ਕਾਰਨ ਬਣ ਗਿਆ ਤੇ ਉਸ ਦੀ ਮੌਤ ਤੋਂ ਦਸ ਸਾਲ ਦੇ ਅੰਦਰ ਅੰਦਰ ਉਸ ਦਾ ਐਡੀ ਵੱਡੀ ਸਲਤਨਤ ਖ਼ਤਮ ਕਰ ਦਿਤੀ । (ਉਂਜ ਇਸ ਤੋਂ ਨਸੀਹਤ ਲੈਣ ਦੀ ਲੋੜ ਹੈ ਕਿ ਸਿੱਖਾਂ ਨੂੰ ਆਪਣੇ ਵਜ਼ੀਰ, ਪੀ.ਏ., ਐਡਵਾਈਜ਼ਰ ਤੇ ਦੋਸਤ ਕਿਹੜੀ ਕਿਸਮ ਦੇ ਰੱਖਣੇ ਚਾਹੀਦੇ ਹਨ । ਪਰ ਚਲੋ ਮੈਂ ਇਹ ਗੱਲ ਫੇਰ ਕਿਤੇ ਕਰਾਂਗਾ) । ਖ਼ੈਰ ਗੱਲ ਰਣਜੀਤ ਸਿੰਘ ਦੀ ਕਰ ਰਿਹਾ ਸਾਂ ਕਿ ਦੀਵਾਲੀ ਅੰਮ੍ਰਿਤਸਰ ਵਿਚ ਕਿਵੇਂ ਆ ਵੜੀ ? *ਚੇਤੇ ਰਹੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਧਾਰਮਿਕ ਫ਼ੈਸਲੇ ਤੇ ਦਾਨ ਤੇ ਚੜ੍ਹਾਵੇ ਦਾ ਨਿਰਣਾ ਉਸ ਦਾ ਧਾਰਮਿਕ ਵਜ਼ੀਰ ਕਰਿਆ ਕਰਦਾ ਸੀ ਤੇ ਉਹ ਇਕ ਯੂ.ਪੀ. ਦਾ ਬਰਾਹਮਣ ਸੀ । ਵਾਹ ! ਕਿਹੋ ਜਿਹਾ ਸੀ ਰਣਜੀਤ ਸਿੰਘ ਦਾ ਰਾਜ । ਕਈ ਲੋਕ ਇਸ ਨੂੰ ਸਿੱਖ ਰਾਜ ਕਹਿੰਦੇ ਹਨ । ਚਲੋ ਆਖੀ ਜਾਣ । ਉਹ ਜਾਣਨ ।*

ਖ਼ੈਰ ਦੀਵਾਲੀ ਸਿੱਖਾਂ ਦਾ ਤਿਉਹਾਰ ਨਹੀਂ ਹੈ । ਪਰ ਜੇ ਇਹ ਤਿਉਹਾਰ ਹਿੰਦੂਆਂ ਦਾ ਵੀ ਹੈ ਤਾਂ ਸਵਾਲ ਹੈ ਕਿ ਹਿੰਦੂ ਇਸ ਨੂੰ ਕਿਵੇਂ ਮਨਾਉਣ ? ਕੀ ਸਿਰਫ਼ ਪਟਾਕੇ ਚਲਾ ਕੇ, ਪੈਸੇ ਫੂਕ ਕੇ, ਅੱਗਾਂ ਲਾ ਕੇ (ਹਰ ਸਾਲ ਸੈਂਕੜੇ ਬੰਦੇ ਦੀਵਾਲੀ ਦੇ ਪਟਾਕਿਆਂ ਦੀ ਭੇਟ ਹੁੰਦੇ ਹਨ ਤੇ ਅਰਬਾਂ ਰੁਪਿਆਂ ਦਾ ਨੁਕਸਾਨ ਹੁੰਦਾ ਹੈ), ਐਨਵਾਈਰਨਮੈਂਟ ਗੰਧਲਾ ਕਰ ਕੇ, ਬੀਮਾਰੀਆਂ ਫੈਲਾ ਕੇ, ਲੜਾਈ ਝਗੜੇ ਕਰ ਕੇ ਹੀ ਕਿਸੇ ਤਿਉਹਾਰ ਦੀ "ਖ਼ੁਸ਼ੀ" ਮਨਾਈ ਜਾ ਸਕਦੀ ਹੈ । ਇਹੀ ਹਾਲ ਹੋਲੀ ਦਾ ਵੀ ਹੈ । ਹੋਲੀ ਤੇ ਬੁਰਛਾਗਰਦੀ ਦੀਆਂ ਬੇਹਿਸਾਬ ਹਰਕਤਾਂ ਹੁੰਦੀਆਂ ਹਨ, ਲੜਾਈਆਂ ਹੁੰਦੀਆਂ ਹਨ, ਲੋਕਾਂ ਦੇ ਕੀਮਤੀ ਕਪੜੇ ਖ਼ਰਾਬ ਹੁੰਦੇ ਹਨ, ਧੀਆਂ ਭੈਣਾਂ ਨੂੰ ਛੇੜਨ ਦੀਆਂ ਵੀ ਚੋਖੀਆਂ ਹਰਕਤਾਂ ਹੁੰਦੀਆਂ ਹਨ । ਕੀ ਇਹ ਤਿਉਹਾਰ ਮਨਾਉਣਾ ਹੈ । ਇਹ ਤਾਂ ਬੁਰਛਾਗਰਦੀ ਹੈ । ਹੋਲੀ ਤੇ ਦੀਵਾਲੀ ਦੋਵੇਂ ਬੇਹੂਦਗੀ ਨਾਲ ਭਰੀਆਂ ਕਾਰਵਾਈਆਂ ਵਾਲੇ ਤਿਉਹਾਰ ਬਣ ਗਏ ਹਨ । ਜਿਸ ਸ਼ਖ਼ਸ ਦੀ ਸੋਚ ਦਲੀਲ ਵਾਲੀ ਹੈ ਜਾਂ ਜੋ ਸੂਝਵਾਨ ਹੈ ਉਹ ਮਹਿਸੂਸ ਕਰਦਾ ਹੈ ਕਿ ਰੰਗ ਪਾਉਣਾ, ਲੜਾਈਆਂ ਕਰਨਾ, ਪਟਾਕੇ ਚਲਾਉਣਾ, ਅੱਗਾਂ ਲਾਉਣ ਦਾ ਕਾਰਨ ਬਣਨਾ ਵਗ਼ੈਰਾ ਸਭ ਬੇਹੂਦਗੀ ਹਨ । ਸਮਝਦਾਰ ਲੋਕ ਇਸ ਸਭ ਨੂੰ ਛਡਦੇ ਜਾ ਰਹੇ ਹਨ । ਹੁਣ ਬਹੁਤੇ ਲੋਕ ਉਹੀ ਇਨ੍ਹਾਂ ਤਿਉਹਾਰਾਂ ਨੂੰ ਮਨਾਉਂਦੇ ਹਨ ਜਿਨ੍ਹਾਂ ਨੂੰ ਰੱਬ ਸੋਚਣ ਦੀ ਤਾਕਤ ਤੋਂ ਦੂਰ ਰਖਦਾ ਹੈ । ਜੇ ਵਾਹਿਗੁਰੂ ਨੇ ਸੁਮਤ ਦਿਤੀ ਤਾਂ ਉਹ ਵੀ ਇਸ ਬੇਅਕਲੀ ਤੋਂ ਛੁਟਕਾਰਾ ਪਾ ਲੈਣਗੇ ।

ਕੁਝ ਲੋਕ ਦੂਜਿਆਂ ਨੂੰ ਵੇਖ ਕੇ ਵੀ ਕੁਝ ਤਿਉਹਾਰ ਅਪਣਾ ਲੈਂਦੇ ਹਨ । ਇਹੋ ਜਿਹੀ ਹਰਕਤ ਕੁਝ ਬੂਝੜ ਸਿੱਖਾਂ ਨੇ ਵੀ ਕੀਤੀ ਹੈ । ਇਨ੍ਹਾਂ ਬੂਝੜਾਂ ਨੇ ਤਾਂ ਆਪਣੀਆਂ ਜ਼ਨਾਨੀਆਂ ਤੋਂ ਕਰਵਾ ਚੌਥ ਦੇ ਵਰਤ ਵੀ ਰਖਵਾਏ ਤੇ ਸਰਾਧ ਵੀ ਕਰਵਾਏ । ਇਹ ਦੋਵੇਂ ਤਾਂ ਬਿਲਕੁਲ ਸਿੱਖੀ ਦੇ ਉਲਟ ਹਨ । ਇੰਜ ਹੀ ਰਖੜੀ, ਨਿਮਾਣੀ ਕਾਸਤੀ (ਇਕਾਦਸ਼ੀ), ਕੰਜਕਾਂ ਵੀ ਸਿੱਖ ਫ਼ਲਸਫ਼ੇ ਦੇ ਮੁੱਢੋਂ ਹੀ ਉਲਟ ਹਨ । ਪਰ ਅਰਧ ਬ੍ਰਾਹਮਣ ਸਿੱਖ ਜਾਂ ਬੂਝੜ ਸਿੱਖ ਇਨ੍ਹਾਂ ਤਿਉਹਾਰਾਂ ਨੂੰ ਵੀ ਮਨਾ ਲੈਂਦੇ ਹਨ ।

ਇਕ ਹੋਰ ਅਹਿਮ ਸਵਾਲ ਹੈ ਕਿ ਕੀ ਦਰਬਾਰ ਸਾਹਿਬ ਵਿਚ ਦੀਵਾਲੀ ਜਾਂ ਗੁਰੂ ਰਾਮ ਦਾਸ ਸਾਹਿਬ ਦੇ ਜਨਮ ਦਿਨ ਤੇ ਦੀਪਮਾਲਾ ਕਰਨਾ ਜਾਂ ਆਤਸ਼ਬਾਜ਼ੀ ਚਲਾਉਣਾ ਸਿੱਖੀ ਅਸੂਲਾਂ ਮੁਤਾਬਿਕ ਸਹੀ ਹੈ ? ਸਿੱਖੀ ਵਿਚ ਖ਼ੁਸ਼ੀ ਕਿਸ ਨੂੰ ਕਿਹਾ ਗਿਆ ਹੈ ? ਕੀ ਕਿਸੇ ਦਾ ਜਨਮ ਦਿਨ ਖ਼ੁਸ਼ੀ ਹੁੰਦੀ ਹੈ ? ਸਿੱਖ ਨੂੰ ਤਾਂ ਹੁਕਮ ਹੈ "ਹਰਖ ਸੋਗ ਤੇ ਰਹੇ ਨਿਆਰਾ" । ਸਿੱਖ ਨੂੰ ਜਨਮ ਜਾਂ ਵਿਆਹ ਦੀ ਅਖੌਤੀ ਖ਼ੁਸ਼ੀ ਨਹੀਂ ਹੋਣੀ ਚਾਹੀਦੀ ਤੇ ਮਰਨ ਦਾ ਅਖੌਤੀ ਅਫ਼ਸੋਸ ਨਹੀਂ ਹੋਣਾ ਚਾਹੀਦਾ । ਸਿੱਖ ਵਾਸਤੇ ਬੱਚੇ ਦਾ ਜਨਮ ਅਕਾਲ ਪੁਰਖ ਦੀ ਬਖ਼ਸ਼ਿਸ਼ ਹੈ ਤੇ ਮੌਤ ਅਕਾਲ ਪੁਰਖ ਦਾ ਭਾਣਾ ਹੈ । ਇਨ੍ਹਾਂ ਦੋਹਾਂ ਹਾਲਤਾਂ ਵਿਚ ਸਿੱਖ ਨੂੰ ਅਖੌਤੀ ਖ਼ੁਸ਼ੀ ਜਾਂ ਅਖੌਤੀ ਗ਼ਮ ਨਹੀਂ ਹੋਣਾ ਚਾਹੀਦਾ । ਅਖੌਤੀ ਖ਼ੁਸ਼ੀ ਵਿਚ ਬੇਮੁਹਾਰਾ ਹੋਣਾ ਜਾਂ ਅਖੌਤੀ ਗ਼ਮ ਵਿਚ ਅਲਾਹੁਣੀਆਂ, ਵੈਣ ਤੇ ਸੋਗ ਵਿਚ ਧਾਹਾਂ ਮਾਰਨੀਆਂ ਸਿੱਖੀ ਦੇ ਉਲਟ ਹਨ ਪਰ ਅਫ਼ਸੋਸ ਹੈ ਕਿ ਸਾਡੇ ਪਰਚਾਰਕ ਇਨ੍ਹਾਂ ਗੱਲਾਂ ਦਾ ਜ਼ਿਕਰ ਤਕ ਨਹੀਂ ਕਰਦੇ ਤੇ ਬਹੁਤੇ ਤਾਂ ਹਿੰਦੂ ਤਿਉਹਾਰਾਂ ਨੂੰ ਸਿੱਖਾਂ

ਵਿਚ ਵਾੜ ਕੇ “ਹੰਦੇ” ਤੇ “ਬਖ਼ਸ਼ੀਸ਼” ਇਕੱਠੀ ਕਰਨ ਵਿਚ ਹੀ ਰੁੱਝੇ ਹੋਏ ਹਨ । ਮਗ਼ਰਬੀ (ਪੱਛਮੀ) ਮੁਲਕਾਂ ਵਿਚ ਤਾਂ ਸ਼ਾਇਦ ਕੋਈ ਭਾਈ ਭਲਕ ਨੂੰ “ਫ਼ਾਦਰ ਕ੍ਰਿਸਮਸ” ਵਾਂਗ ਕ੍ਰਿਸਮਸ ਦੇ ਤੋਹਫ਼ੇ ਵੀ ਲੈਣਾ/ਦੇਣਾ ਸ਼ੁਰੂ ਕਰ ਦੇਣ ਇਹ ਵੀ ਕੋਈ ਵੱਡੀ ਗੱਲ ਨਹੀਂ ਤੇ ਇੰਜ ਹੀ ਈਦ ਦੇ ਦਿਨ “ਈਦੀ” ਇਕੱਠੀ ਕਰਨ ਲਗ ਪੈਣ ਤਾਂ ਕੋਈ ਵੱਡੀ ਗੱਲ ਨਹੀਂ । ਹੁਣ ਤਾਂ ਕਈ ਵੱਡੇ ਜਥੇਦਾਰਾਂ ਤੇ ਆਗੂਆਂ ਨੇ ਆਪਣੀਆਂ ਧੀਆਂ ਮੁਸਲਮਾਨਾਂ ਤੇ ਈਸਾਈਆਂ ਨਾਲ ਵਿਆਹ ਦਿਤੀਆਂ ਹੋਈਆਂ ਹਨ ਜਾਂ ਇਨ੍ਹਾਂ ਵਿਆਹਾਂ ਨੂੰ ਮਨਜ਼ੂਰ ਕਰ ਲਿਆ ਹੋਇਆ ਹੈ । (ਉਂਵ, ਜ਼ਰਾ ਸੋਚੀਏ ਕਿ ਅਸੀਂ ਕਿੰਨੇ ਬੇਗ਼ੈਰਤੇ ਹੋ ਗਏ ਹਾਂ । ਉਂਵ ਤਾਂ ਸਾਨੂੰ ਸ਼ਰਮ ਨਾਲ ਹੀ ਡੁੱਬ ਕੇ ਮਰ ਜਾਣਾ ਚਾਹੀਦਾ ਹੈ) ।

ਕੀ ਦਰਬਾਰ ਸਾਹਿਬ ਵਿਚ ਆਤਸ਼ਬਾਜ਼ੀ ਚਲਾਉਣਾ ਸਹੀ ਹੈ ? ਇਸ ਵਾਰ ਦਰਬਾਰ ਸਾਹਿਬ ਵਿਚ 22 ਲੱਖ ਰੁਪੈ ਦੀ ਆਤਸ਼ਬਾਜ਼ੀ ਦਾ ਟੈਂਡਰ ਪਾਸ ਹੋਇਆ ਸੀ । (ਉਂਵ ਜੁਡੀਸ਼ੀਅਲ ਕਮਿਸ਼ਨ ਵਿਚ ਕੇਸ ਜਾ ਚੁਕਾ ਹੈ ਕਿ 4 ਲੱਖ ਦੀ ਥਾਂ ਬਡੂੰਗਰ (ਪ੍ਰਧਾਨ), ਹਰਬੇਅੰਤ (ਸਕੱਤਰ) ਤੇ ਅਜਾਇਬ ਸਿੰਘ ਮੈਨੇਜਰ ਨੇ 22 ਲੱਖ ਦਾ ਟੈਡਰ ਮਨਜ਼ੂਰ ਕੀਤਾ । ਇਸ ਹਿਸਾਬ ਨਾਲ ਇਸ ਵਿੱਚੋਂ 18 ਲੱਖ ਰੁਪੈ ਖਾਧੇ ਗਏ ਹਨ । ਧੰਨ ਸਿੱਖੀ, ਧੰਨ ਬਾਦਲ ਤੇ ਉਸ ਨੂੰ ਅਕਾਲੀ ਸਮਝਣ ਤੇ ਉਸ ਦਾ ਸਾਥ ਦੇਣ ਵਾਲੇ ਬੇਗ਼ੈਰਤ ਲੋਕ) । ਗੱਲ ਕਰ ਰਿਹਾ ਸਾਂ ਕਿ ਪੰਥ ਦਾ 22 ਲੱਖ ਜਾਂ 4 ਲੱਖ ਹੀ ਸਹੀ ਰੁਪਿਆ ਅੱਗ ਲਾ ਕੇ ਪੌਲਿਊਸ਼ਨ ਫੈਲਾਉਣ ਤੇ ਲਾਉਣਾ ਪੰਥਕ ਗੱਲ ਹੈ ? ਕੀ ਇਹ ਵਾਜਬ ਹੈ ? ਕੀ ਇਹ ਸਿੱਖੀ ਤਰੀਕਾ ਹੈ ? ਕੀ ਸਿੱਖ ਨੂੰ ਖ਼ੁਸ਼ੀ ਇੰਜ ਮਨਾਉਣੀ ਚਾਹੀਦੀ ਹੈ ? ਕੀ ਗੁਰੂ ਦਾ ਜਨਮ ਦਿਨ ਜਾਂ ਹਿੰਦੂ ਦੀਵਾਲੀ ਨੂੰ ਸਿੱਖ ਦੀਵਾਲੀ ਆਖ ਕੇ ਇੰਝ ਪੈਸਾ ਫੂਕਣਾ ਸਹੀ ਹੈ ? ਦਰਬਾਰ ਸਾਹਿਬ ਵਿਚ ਆਤਸ਼ਬਾਜ਼ੀ ਚਲਾਉਣ ਦੀ ਗੱਲ ਤਾਂ ਬਿਲਕੁਲ ਨਵੀਂ ਹੈ । 1947 ਤੋਂ ਪਹਿਲਾਂ ਤਾਂ ਕਿਤੇ ਵੀ ਇੰਜ ਆਤਸ਼ਬਾਜ਼ੀ ਨਹੀਂ ਸੀ ਚਲਦੀ । ਇਹ ਤਾਂ ਸਾਇਦ ਕਿਸੇ ਵਪਾਰੀ ਦੀ ਚਾਲ ਹੈ ਜੋ ਉਸ ਨੇ ਸਿਖਾਂ ਨੂੰ ਬੇਵਕੂਫ਼ ਬਣਾ ਲਿਆ ਤੇ ਪੰਥ ਦਾ ਪੈਸਾ ਫੂਕਣਾ ਸ਼ੁਰੂ ਕਰਵਾ ਦਿਤਾ ।

ਕੀ ਸਿੱਖ ਪੰਥ ਨੂੰ ਖ਼ੁਸ਼ੀਆਂ ਮਨਾਉਣ ਦੀ ਲੋੜ ਹੈ । 1984 ਵਿਚ ਸਿੱਖਾਂ ਨੇ ਦੋ ਘੱਲੂਘਾਰੇ ਹੰਡਾਏ ਸਨ । ਪਹਿਲਾ ਘੱਲੂਘਾਰਾ ਤਾਂ ਪਹਿਲੀ ਜੂਨ ਤੋਂ ਸਤ ਜੂਨ ਤਕ ਬੜਾ ਭਿਆਨਕ ਸੀ । ਚਾਰ ਨਵੰਬਰ ਨੂੰ ਤਾਂ ਹਜ਼ਾਰਾਂ ਸਿੱਖ ਬੇਰਹਿਮੀ ਨਾਲ ਕਤਲ ਕੀਤੇ ਗਏ ਸਨ । ਕੀ ਲੱਖ ਡੇਢ ਲੱਖ ਬੰਦਾ ਮਰਵਾ ਕੇ ਸਿੱਖ ਅਜੇ ਵੀ ਇਨ੍ਹਾਂ ਦਿਨਾਂ ਵਿਚ ਦੀਵਾਲੀ ਦੀ ਅਖੌਤੀ “ਖ਼ੁਸ਼ੀ” ਮਨਾਉਣ ਦੀ ਸੋਚਦੇ ਹਨ ?

ਸਿੱਖਾਂ ਨੂੰ ਤਿਉਹਾਰ ਕਿੰਝ ਮਨਾਉਣੇ ਚਾਹੀਦੇ ਹਨ ? ਸਿੱਖ ਨੂੰ ਤਾਂ ਹੁਕਮ ਹੈ ਕਿ ਅਖੌਤੀ ਖ਼ੁਸ਼ੀ ਵਿਚ ਬੇਮੁਹਾਰਾ ਨਹੀਂ ਹੋਣਾ । ਸਿੱਖ ਤਾਂ ਹਰ ਹਾਲ ਵਿਚ ਕੀਰਤਨ ਕਰਦਾ ਹੈ । ਕੀ ਅਸੀਂ ਗੁਰੂ ਰਾਮ ਦਾਸ ਸਾਹਿਬ ਦਾ ਜਨਮ ਦਿਨ ਕੀਰਤਨ, ਕਥਾ, ਦੀਵਾਨ ਕਰ ਕੇ ਨਹੀਂ ਮਨਾ ਸਕਦੇ ? ਕੀ ਸਿੱਖ ਕਿਸੇ ਤਿਉਹਾਰ ਨੂੰ ਆਤਸ਼ਬਾਜ਼ੀ ਤੇ ਪੈਸੇ ਫੂਕਣ ਦੀ ਥਾਂ ਆਪਣੇ ਆਲੇ ਦੁਆਲੇ ਦੇ ਮਾਲੀ ਪੱਖੋਂ ਕਮਜ਼ੋਰ ਸਿੱਖਾਂ ਨੂੰ ਤੋਹਫ਼ੇ ਦੇ ਕੇ ਨਹੀਂ ਮਨਾ ਸਕਦੇ ? ਕੀ ਸ਼੍ਰੋਮਣੀ ਕਮੇਟੀ ਏਨਾ ਸਾਰਾ ਪੈਸਾ ਆਤਸ਼ਬਾਜ਼ੀ ਤੇ ਫੂਕਣ ਦੀ ਥਾਂ ਧਰਮ ਪਰਚਾਰ ਵਾਸਤੇ ਵਧੀਆ ਇਲਸਟਰੇਟਡ (ਰੰਗੀਨ ਤਸਵੀਰਾਂ ਵਾਲਾ) ਲਿਟਰੇਚਰ ਵਖ ਵਖ ਜ਼ਬਾਨਾਂ ਵਿਚ ਛਾਪ ਕੇ ਸਿੱਖਾਂ ਤੇ ਗ਼ੈਰ ਸਿੱਖਾਂ ਵਿਚ ਮੁਫ਼ਤ ਵੰਡ ਕੇ ਨਹੀਂ ਮਨਾ ਸਕਦੀ ?

ਆਤਸ਼ਬਾਜ਼ੀ ਫੂਕਣਾ, ਦੀਵੇ ਜਗਾਉਣ, ਬਿਜਲੀ ਤੇ ਪੈਸਾ ਫੂਕਣ ਨਾਲ ਕੌਮ ਕੀ ਹਾਸਿਲ ਕਰਦੀ ਹੈ । ਕੌਮ ਨੂੰ ਏਨਾ ਪੈਸਾ ਫੂਕ ਕੇ ਕੀ ਲਭਦਾ ਹੈ ? ਕੀ ਇਹ ਸਵਾਲ ਸਿੱਖਾਂ ਨੂੰ ਸੋਚਣ ਦੀ ਲੋੜ ਹੈ ਕਿ ਨਹੀਂ ? ਕੀ ਅਸੀਂ ਸਿਰਫ਼ ਗੁਰਦੁਆਰਿਆਂ ਵਿਚ ਅਖੰਡ ਪਾਠ, ਸੁਖਮਨੀ ਦੇ ਪਾਠ, ਲੰਗਰ ਤੇ ਹੋਰ ਦਿਖਾਵੇ ਦੀਆਂ ਕਾਰਵਾਈਆਂ (RITUALS) ਕਰ ਕੇ ਹੀ ਸਿੱਖੀ ਦੀ “ਸੇਵਾ” ਕਰ ਰਹੇ ਹਾਂ ਜਾਂ ਕੁਝ ਹੋਰ ਵੀ ਕਰਨਾ ਲੋੜੀਂਦਾ ਹੈ ? ਸਿੱਖ ਵਿਦਵਾਨਾਂ ਤੇ ਸੂਝਵਾਨ ਤੇ ਸੰਜੀਦਾ ਪਰਚਾਰਕਾਂ ਨੂੰ ਇਸ ਅ-ਸਿੱਖੀ ਨੂੰ ਰੋਕਣ ਵਾਸਤੇ ਕੋਸ਼ਿਸ਼ਾਂ ਕਰਨ ਵਾਸਤੇ ਅੱਗੇ ਆਉਣਾ ਚਾਹੀਦਾ ਹੈ । ਵਰਨਾ ਉਨ੍ਹਾਂ ਦਾ ਰੋਲ ਸਿਰਫ਼ ਵਕਤ ਬਿਤਾਉਣਾ ਹੀ ਨਹੀਂ ਬਲਕਿ ਗੁਆਉਣਾ ਮੰਨਿਆ ਜਾਵੇਗਾ ।

---

# "ਦੀਵਾਲੀ" - ਸਿੱਖਾਂ ਦਾ ਤਿਉਹਾਰ ਨਹੀਂ

by Gurmit Singh, Australia, (Sant Sipahi November 1999)

ਸੰਸਾਰ ਦੀਆਂ ਸਾਰੀਆਂ ਕੌਮਾਂ ਆਪਣੇ ਆਪਣੇ ਤਿਉਹਾਰ ਸਦੀਆਂ ਤੋਂ ਮਨਾਉਂਦੀਆ ਆ ਰਹੀਆਂ ਹਨ ਅਤੇ ਇਵੇਂ ਹੀ ਸਿੱਖ ਕੌਮ ਵੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਗੁਰਪੁਰਬ ਅਤੇ ਇਤਿਹਾਸਕ ਦਿਵਸ ਮਨਾਉਂਣ ਦਾ ਗੌਰਵ ਕਰਦੀ ਆ ਰਹੀ ਹੈ । ਪਰ ਕਈ ਵਾਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਬਿੱਪਰ ਰੀਤਾਂ ਦੇ ਪ੍ਰਭਾਵ ਹੇਠ ਆ ਕੇ ਕਈ ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਭਾਈ ਜੀ ਹਿੰਦੂ ਤਿਉਹਾਰ - ਲੋਹੜੀ, ਮਾਘੀ, ਰੱਖੜੀ, ਸ਼ਰਾਧ, ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਕਰਵਾ ਚੌਥ ਵਰਤ, ਦੁਸਹਿਰਾ, ਦੀਵਾਲੀ ਆਦਿਕ ਮਨਾਉਂਣ ਦੇ ਚਾਹਵਾਨ ਰਹਿੰਦੇ ਹਨ ਕਿ ਇਸ ਬਹਾਨੇ ਸੰਗਤ ਹੋ ਜਾਂਦੀ ਹੈ ਹਾਲਾਂਕਿ ਸਿੱਖਾਂ ਨੂੰ ਹਦਾਇਤ ਹੈ ਕਿ ਉਹ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ ਅਤੇ ਕਥਾ ਦੁਆਰਾ ਗੁਰਬਾਣੀ ਦਾ ਆਨੰਦ ਲੈ ਕੇ ਆਪਣਾ ਜੀਵਨ ਸਫਲਾ ਕਰਨ ।

ਕਈ ਰਾਗੀ ਸਿੰਘ ਭਾਈ ਗੁਰਦਾਸ ਜੀ ਦੀ ਵਾਰ ਦਾ ਵੇਰਵਾ ਦਿੰਦੇ ਹਨ ਕਿ ਦੀਵਾਲੀ ਦੀ ਰਾਤ ਨੂੰ ਦੀਵੇ ਜਗਾਉਣ ਵਾਰੇ ਲਿਖਿਆ ਹੋਇਆ ਹੈ । ਆਓ, ਵਾਰ 19, ਪਉੜੀ 6 ਦੀ ਵੀਚਾਰ ਕਰੀਏ {ਵਾਰਾਂ ਭਾਈ ਗੁਰਦਾਸ ਸਟੀਕ - ਪ੍ਰਕਾਸ਼ਕ ਭਾਈ ਵੀਰ ਸਿੰਘ ਸਾਹਿਤ ਸਦਨ} ਜਿਸ ਵਿੱਚ ਦੀਵਾਲੀ ਮਨਾਉਂਣ ਵਾਰੇ ਕੋਈ ਪ੍ਰੋੜਤਾ ਨਹੀਂ : -

> ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ । ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ ।
>
> ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ । ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ ।
>
> ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ । ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ॥

ਅਰਥ: - ਦੀਪਮਾਲਾ ਦੀ ਰਾਤ ਵਿਖੇ (ਘਰੋ-ਘਰੀ) ਦੀਵੇ ਬਾਲੀ ਦੇ ਹਨ, (ਥੋੜੇ ਚਿਰ ਮਗਰੋਂ ਇਹ ਦੀਪਮਾਲਾ ਗੁੰਮ ਹੋ ਜਾਂਦੀ ਹੈ) । ਰਾਤ ਨੂੰ ਤਾਰੇ ਵੱਡੇ-ਛੋਟੇ ਆਕਾਸ਼ ਵਿਖੇ ਚਮਕਦੇ ਹਨ, (ਦਿਨੇ ਉਨ੍ਹਾਂ ਦਾ ਖੁਰਾ-ਖੋਜ ਨਹੀਂ ਦਿਸਦਾ) । ਫੁੱਲਾਂ ਦੀਆਂ ਬਾਗੀਚੀਆਂ (ਕੁਝ ਚਿਰ ਅਚਰਜ ਖਿੜਦੀਆਂ ਹਨ, ਪਰ ਝੱਟ ਹੀ ਉਨ੍ਹਾਂ ਤੋਂ ਫੁੱਲ) ਚੁਣਕੇ ਤੋੜ ਲਏ ਜਾਂਦੇ ਹਨ । ਯਾਤ੍ਰੀ ਤੀਰਥਾਂ ਪੁਰ ਜਾਂਦੇ ਹਨ (ਬੜੇ ਟੋਲਿਆਂ ਵਿੱਚ) ਅੱਖੀਂ ਦੇਖੀਦੇ ਹਨ, (ਪਰ ਛੇਤੀਂ ਹੀ ਤੀਰਥਾਂ ਪੁਰ ਉਨ੍ਹਾਂ ਦਾ ਮੁਸ਼ਕ ਨਹੀਂ ਰਹਿੰਦਾ)। ਹਰੀ ਚੰਦਉਰੀ ਦੇ (ਨਗਰ) ਦਿਖਲਾਵੇ ਮਾਤ੍ਰ ਦਿਖਾਕੇ (ਆਪ ਹੀ) ਉਜਾੜੀਦੇ ਹਨ, (ਇਸੇ ਪ੍ਰਕਾਰ ਜਗਤ ਥੋੜੇ ਚਿਰ ਦਾ ਆਨੰਦ ਹੈ - ਇਹ ਜੁ ਦੁੱਨੀਆਂ ਸਿਹਰੁ

ਮੇਲਾ ਦਸਤਗੀਰੀ ਨਾਹਿ) ਗੁਰਮੁੱਖਾਂ ਨੂੰ (ਆਤਮਾਨੰਦ ਰੂਪੀ) ਸੁਖ ਫਲ ਦੀ ਦਾਤਿ ਹੋਈ ਹੈ, ਕਿਉਂ ਜੋ ਓਹ ਗੁਰੂ ਦੇ ਸ਼ਬਦ ਨੂੰ ਯਾਦ ਕਰਦੇ ਹਨ । ਭਾਵ - ਗੁਰਮੁੱਖ ਲੋਕ ਦੀਵਾਲੀ ਦੀ ਰਾਤ ਦੀ ਖ਼ੁੱਸ਼ੀ, ਤਾਰੇ, ਫੁੱਲ ਅਤੇ ਤੀਰਥ ਦੇ ਮੇਲਿਆਂ ਵਾਂਙੂ ਜਗਤ ਨੂੰ ਅਲਪ ਕਾਲ ਦੀ ਖ਼ੁੱਸ਼ੀ ਮੰਨਕੇ ਚਿੱਤ ਕਰਕੇ ਉਪਰਾਮ ਰਹਿੰਦੇ ਅਤੇ ਗੁਰੂ ਜੀ ਦੇ ਸ਼ਬਦ ਦਾ ਸਿਮਰਨ ਕਰਦੇ ਹਨ, ਜਿਵੇਂ -

> ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥
> {ਰਾਗੁ ਗਉੜੀ ਕਬੀਰ ਜੀ - ਪੰਨਾ 333}

"**ਮਹਾਨ ਕੋਸ਼**" ਵਿੱਚ ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ ਦੀਵਾਲੀ ਹਿੰਦੂ-ਮੱਤ ਵਿੱਚ ਲਛਮੀ ਪੂਜਨ ਦਾ ਪਰਵ ਹੈ ਅਤੇ ਸਿੱਖਾਂ ਵਿੱਚ ਇਸ ਦਿਨ ਦੀਵੇ ਮਚਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਿਵਾਲੀ ਦੇ ਦਿਨ ਗਵਾਲਿਯਰ ਦੇ ਕਿਲੇ ਤੋਂ ਅੰਮ੍ਰਿਤਸਰ ਪਧਾਰੇ ਸਨ, ਇਸ ਵਾਸਤੇ ਖ਼ੁਸ਼ੀ ਵਿੱਚ ਰੋਸ਼ਨੀ ਕੀਤੀ ਗਈ ਸੀ । ਕਈ ਕੈਲੰਡਰਾਂ ਦੁਆਰਾ ਵੀ ਦੀਵਾਲੀ ਨੂੰ ਬੰਦੀਛੋੜ ਦਿਵਸ ਦੇ ਨਾਮ ਹੇਠ ਮਨਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ । Similar views have also been included in "The Encyclopaedia of Sikhism" by Prof. Harbans Singh (Punjabi University, Patiala). ਜੇ ਅਸੀਂ ਉਸ ਸਮੇਂ ਦੇ ਇਤਿਹਾਸ ਤੇ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਬਾਬਰ ਨੇ 1521 ਈਸਵੀ ਨੂੰ ਜਦੋਂ ਸੈਦਪੁਰ (ਐਮਨਾਬਾਦ) ਉਪਰ ਹਮਲਾ ਕੀਤਾ ਤਾਂ ਲੁੱਟ, ਕਤਲ, ਸਾੜ-ਫੂਕ ਅਤੇ ਹੋਰ ਅੱਤਿਆਚਾਰ ਤੋਂ ਬਾਅਦ ਗੁਰੂ ਨਾਨਕ ਸਾਹਿਬ, ਭਾਈ ਮਰਦਾਨਾ ਜੀ ਅਤੇ ਹੋਰ ਲੋਕਾਂ ਨੂੰ ਕੈਦ ਕਰ ਲਿਆ । ਬਾਬਰ ਨੇ ਜਦੋਂ ਗੁਰੂ ਨਾਨਕ ਸਾਹਿਬ ਨਾਲ ਭੇਟ ਕੀਤੀ ਅਤੇ ਉਪਦੇਸ਼ ਸੁਣਿਆ ਤਾਂ ਸੱਭ ਕੈਦੀਆਂ ਨੂੰ ਛੱਡ ਦਿੱਤਾ । ਫਿਰ, ਗੁਰੂ ਨਾਨਕ ਸਾਹਿਬ ਨੂੰ ਬੰਦੀਛੋੜ ਕਿਉਂ ਨਹੀਂ ਕਿਹਾ ਜਾਂਦਾ ? ਕਿਵੇਂ ਮੁਸਲਮਾਨ ਹਮਲਾਵਰ, ਹਿੰਦੂਆਂ ਦੇ ਮੰਦਰਾਂ ਨੂੰ ਢਾਹ-ਢੇਰੀ ਕਰਕੇ, ਲੁੱਟ ਕੇ ਚਲੇ ਜਾਂਦੇ ਸਨ ? ਇਹ ਵੀ ਸਾਨੂੰ ਪਤਾ ਹੈ ਕਿ ਅਯੁਧਿਆ ਵਿਖੇ ਤਾਂ ਰਾਮ ਮੰਦਰ ਨੂੰ ਵੀ ਗਿਰਾ ਕੇ ਬਾਬਰੀ ਮਸਜ਼ੱਦ ਬਣਾ ਦਿੱਤੀ ਗਈ ਸੀ । ਇਵੇਂ ਹੀ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਜੀ ਨੂੰ 30 ਮਈ 1606 ਨੂੰ ਸ਼ਹੀਦ ਕਰ ਦਿੱਤਾ ਸੀ । ਐਸੇ ਹਾਲਾਤ ਵਿੱਚ ਸਿੱਖਾਂ ਨੂੰ ਕਿਵੇਂ ਦੀਪਮਾਲਾ ਕਰਨ ਦਿੱਤੀ ਹੋਵੇਗੀ ਜਾਂ ਫਿਰ 1595 ਨੂੰ (ਗੁਰੂ) ਹਰਿਗੋਬਿੰਦ ਜੀ ਦੇ ਜੰਨਮ ਸਮੇਂ ਜਾਂ 1604 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਸਮੇਂ ਅਤੇ 1609 ਨੂੰ ਅਕਾਲ ਤੱਖ਼ਤ ਸਾਹਿਬ ਦੀ ਸਥਾਪਣਾ ਸਮੇਂ ਦੀਪਮਾਲਾ ਕਿਉਂ ਨਾ ਕੀਤੀ ? ਸਾਨੂੰ ਇਹ ਭੀ ਪਤਾ ਹੈ ਕਿ ਜਿੰਨ੍ਹਾਂ ਬਾਈਧਾਰ 52 ਰਾਜਿਆਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਗਵਾਲੀਯਰ ਦੇ ਕਿਲੇ ਵਿਚੋਂ ਰਿਹਾ ਕਰਵਾਇਆ ਸੀ, ਉਨ੍ਹਾਂ ਦੇ ਵਾਰਸਾਂ ਨੇ ਹੀ ਮੁਗਲਾਂ ਨਾਲ ਮਿਲ ਕੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਲੜਾਈ ਕੀਤੀ ਸੀ । ਭਾਈ ਮਨੀ ਸਿੰਘ ਜੀ ਗੁਰਬਾਣੀ ਤੇ ਗੁਰਮਤਿ ਦੇ ਗਿਆਤਾ ਹੋਂਣ ਦੇ ਨਾਤੇ ਅਤੇ ਉਨ੍ਹਾਂ ਦੀ ਸ਼ਹੀਦੀ ਵਾਰੇ ਪੜ੍ਹ ਕੇ ਇਹ ਕਹਿਣਾ ਕਿ ਉਨ੍ਹਾਂ ਨੇ ਦਰਬਾਰ ਸਾਹਿਬ , ਅੰਮ੍ਰਿਤਸਰ ਵਿਖੇ ਦਿਵਾਲੀ ਵਾਲੇ ਦਿੱਨ ਇਕੱਠ ਕਰਨ ਲਈ ਲਾਹੌਰ ਦੇ ਹਾਕਮ ਨੂੰ 5,000 ਰੁਪੈਏ ਦੇਣੇ ਮੰਨ ਲਿਆ ਹੋਵੇਗਾ, ਸਹੀ ਨਹੀਂ ਜਾਪਦਾ ! **{ਜੇ ਉਸ ਦਿਨ ਈਦ ਹੁੰਦੀ ਤਾਂ ਕੀ ਸਿੱਖ ਈਦ ਮਨਾਉਂਦੇ ?} ਗੁਰਬਾਣੀ ਸੇਧ ਦੇਂਦੀ ਹੈ :**

> ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ਆਸਾ ਮਹਲਾ 1 ॥ {358},

ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥ ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮ ॥ ਗਉੜੀ ਮਹਲਾ 5 ॥ {320},

ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥ ਬਿਹਾਗੜ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ਆਸਾ ਮਹਲਾ 1 ॥ {358},

ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥ ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮ ॥ ਗਉੜੀ ਮਹਲਾ 5 ॥ {320},

ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥ ਬਿਹਾਗੜੇ ਕੀ ਵਾਰ ਮਹਲਾ 4 ॥ {ਪੰਨਾ 551},

ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ ਸਤਿਗੁਰੁ ਿ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ਆਸਾ ਮਹਲਾ 1 ॥ {358},

ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥ ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮ ॥ ਗਉੜੀ ਮਹਲਾ 5 ॥ {320},

ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥ ਬਿਹਾਗੜੇ ਕੀ ਵਾਰ ਮਹਲਾ 4 ॥ {ਪੰਨਾ 551},

ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥ ਰਾਗੁ ਗੂਜਰੀ ਭਗਤ ਨਾਮਦੇਵ ਜੀ ॥ {ਪੰਨਾ 525} ਅਤੇ ਗਈ ਬਹੋੜੁ ਬੰਦੀ ਛੋੜੁ ਨਿਰੰਕਾਰੀ ਦੁਖਦਾਰੀ ।। ਸੋਰਠਿ ਮਹਲਾ 5 ।। {ਪੰਨਾ 624}ਮਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥ ਰਾਗੁ ਗੂਜਰੀ ਭਗਤ ਨਾਮਦੇਵ ਜੀ ॥ {ਪੰਨਾ 525} ਅਤੇ ਗਈ ਬਹੋੜੁ ਬੰਦੀ ਛੋੜੁ ਨਿਰੰਕਾਰੀ ਦੁਖਦਾਰੀ ।। ਸੋਰਠਿ ਮਹਲਾ 5 ।। {ਪੰਨਾ 624} ਕੀ ਵਾਰ ਮਹਲਾ 4 ॥ {ਪੰਨਾ 551},

ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥ ਰਾਗੁ ਗੂਜਰੀ ਭਗਤ ਨਾਮਦੇਵ ਜੀ ॥ {ਪੰਨਾ 525} ਅਤੇ ਗਈ ਬਹੋੜੁ ਬੰਦੀ ਛੋੜੁ ਨਿਰੰਕਾਰੀ ਦੁਖਦਾਰੀ ।। ਸੋਰਠਿ ਮਹਲਾ 5 ।। {ਪੰਨਾ 624}

**ਦੀਵਾਲੀ ਵਾਰੇ ਸਿੱਖ ਮਿਸ਼ਨਰੀ ਕਾਲਜ,** {1051, ਕੂਚਾ 14, ਫੀਲਡ ਗੰਜ, ਲੁਧਿਆਣਾ}, ਕਿਤਾਬ - ਸਿੱਖ ਧਰਮ ਫਿਲਾਸਫੀ ਭਾਗ 4, ਦੁਆਰਾ ਸੇਧ ਦਿੰਦੇ ਹਨ ਕਿ ਮੂਲ ਰੂਪ ਵਿੱਚ ਇਹ ਲਛਮੀ ਪੂਜਾ ਦਾ ਤਿਉਹਾਰ ਹੈ । ਲਛਮੀ ਦੇ ਸੁਆਗਤ ਵਿੱਚ ਘਰ ਨੂੰ ਸਜਾਉਣਾ, ਰੰਗ-ਸਫੈਦੀਆਂ ਕਰਨੀਆਂ, ਰੋਸ਼ਨੀਆਂ ਕਰਨੀਆਂ, ਹੱਟੀਆਂ ਪਾਣੀਆਂ (ਹੱਟੀ, ਚੂੰਕਿ ਕਮਾਈ ਦੇ ਸਾਧਨ ਦਾ ਸੂਚਕ ਹੈ) ਲਛਮੀ ਦੇਵੀ ਦੀ ਫੋਟੋ ਲਗਾ ਕੇ ਪੂਜਾ ਕਰਨੀ (ਇਸ ਭੁਲੇਖੇ ਵਿੱਚ ਕਈ ਸਿੱਖ ਭਾਵੇਂ ਗੁਰੂ ਨਾਨਕ ਸਾਹਿਬ ਜੀ ਦੀ ਫੋਟੋ ਵੀ ਰੱਖ ਲੈਂਦੇ ਹਨ) ਨਵੇਂ ਕਪੜੇ ਖਰੀਦਣੇ, ਨਵੇਂ ਬਰਤਨ ਉਚੇਚੇ ਤੌਰ ਤੇ ਖਰੀਦਣੇ, ਲਛਮੀ ਦੀ ਆਮਦ ਦੀ ਖੁਸ਼ੀ ਵਿੱਚ ਮਠਿਆਈਆਂ ਖਾਣੀਆਂ ਅਤੇ ਵੰਡਣੀਆਂ - ਖੂਬੀ ਇਹ ਹੈ ਕਿ ਭਾਰਤ ਦੇਸ਼ ਵਿੱਚ ਜਿੱਥੇ ਲਛਮੀ ਪੂਜਾ ਇਤਨੀ ਪ੍ਰਬਲ ਹੈ, ਉਸੇ ਦੇਸ਼ ਵਿੱਚ ਕੰਗਾਲਤਾ ਅਤੇ ਪੈਸੇ ਦੀ ਕਾਣੀ ਵੰਡ ਵੀ ਸਿਖਰਾਂ ਤੇ ਹੈ । ਲਛਮੀ ਸੱਚ - ਮੁੱਚ ਹੀ ਜੇ ਕੋਈ ਦੇਵੀ ਹੁੰਦੀ ਤਾਂ ਇਹ ਆਪਣੇ ਭਗਤਾਂ ਕੋਲ ਵਧੇਰੇ ਹੁੰਦੀ, ਬਲਕਿ ਬਲੈਕ ਮਾਰਕੀਟੀਆਂ, ਵਿਭਚਾਰੀਆਂ ਅਤੇ ਕਲੱਬਾਂ ਵਿੱਚ ਉਜਾੜਣ ਵਾਲਿਆਂ ਕੋਲ ਜਾਣ ਤੋਂ ਜ਼ਰੂਰ ਪਰਹੇਜ਼ ਕਰਦੀ । ਸੱਭ ਕੁਝ ਦੇਖ ਕੇ ਵੀ ਅਨਪੜ੍ਹਾਂ ਦੀ ਤਾਂ ਵੱਖਰੀ ਗੱਲ, ਪੜ੍ਹੇ ਲਿਖੇ ਵੀ ਇਸ ਤੋਂ ਅੱਖਾਂ ਮੀਟੀ ਬੈਠੇ ਹਨ । ਘੱਟੋ - ਘੱਟ ਲਛਮੀ ਪੂਜਾ ਵਜੋਂ ਸਿੱਖਾਂ ਦਾ ਇਸ ਤਿਉਹਾਰ ਨਾਲ ਕੋਈ ਤਾਲੁਕ ਨਹੀਂ ਅਤੇ ਨਾਹ ਹੀ ਸਿੱਖਾਂ ਦਾ ਕਿਸੇ ਦੇਵੀ - ਦੇਵਤੇ ਵਿੱਚ ਵਿਸ਼ਵਾਸ਼ ਹੀ ਹੈ । ਸਿੱਖਾਂ ਨੇ ਤਾਂ ਖੁਸ਼ੀ - ਗ਼ਮੀ ਵਿੱਚ ਇੱਕ ਸਮਾਨ ਰਹਿਣਾ ਹੈ । **ਗੁਰਬਾਣੀ ਸਾਨੂੰ ਹੋਰ ਵੀ ਸੇਧ ਦੇਂਦੀ ਹੈ** :

> ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥ ਬਸੰਤੁ ਮਹਲਾ 1 - ਪੰਨਾ 1189 ॥
>
> ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥ ਬਿਲਾਵਲੁ ਮਹਲਾ 5 - ਪੰਨਾ 801 ॥
>
> ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥ ਮਹਲਾ 9 - 219 ॥

ਭਾਵ ! ਜਿੰਨ੍ਹਾਂ ਉੱਤੇ ਅਕਾਲ ਪੁਰਖ, ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤਿ ਦੇਂਦਾ ਹੈ) ਉਨ੍ਹਾਂ ਨੂੰ ਸੁੱਖ ਤੇ ਦੁੱਖ ਇਕੋ ਜਿਹੇ ਲਗਦੇ ਹਨ ਅਤੇ ਐਸੇ ਪ੍ਰਾਣੀ ਖੁਸ਼ੀ ਅਤੇ ਗਮੀ ਦੋਹਾਂ ਤੋਂ ਨਿਰਲੇਪ ਰਹਿੰਦੇ ਹਨ !

ਇਸ ਲਈ ਸਿੱਖਾਂ ਨੂੰ ਦੀਵਾਲੀ ਜਾਂ ਹੋਰ ਐਸੇ ਹਿੰਦੂ ਤਿਉਹਾਰ ਨਹੀਂ ਮਨਾਉਣੇ ਚਾਹੀਦੇ । ਗੁਰੂ ਸਾਹਿਬਾਨ ਜੀ ਨੇ ਸਾਨੂੰ ਕਿਸੇ ਦੀ ਵੀ ਨਕਲ ਕਰਨ ਤੋ ਵਰਜਿਆ ਹੈ । ਜੇਹੜੇ ਸਿੱਖ ਹਰ ਰੋਜ਼ ਨਿੱਤਨੇਮ ਕਰਦੇ ਹਨ ਅਤੇ ਗੁਰਦੁਆਰਾ ਸਾਹਿਬ ਵਿਖੇ ਸੰਗਤ ਤੇ ਪੰਗਤ ਕਰਦੇ ਹਨ, ਉਨ੍ਹਾਂ ਲਈ ਤਾਂ ਹਰ ਰੋਜ਼ ਹੀ ਸ਼ੁੱਭ ਦਿਹਾੜਾ ਹੈ । ਜੇ ਸਾਰੇ ਗੁਰਦੁਆਰਿਆਂ ਵਿਖੇ ਕੀਰਤਨ ਦੇ ਨਾਲ ਨਾਲ ਗੁਰਬਾਣੀ ਦੀ ਵਿਆਖਿਆ ਵੀ ਕੀਤੀ ਜਾਵੇ ਤਾਂ ਐਸੇ ਭਰਮ - ਭੁਲੇਖੇ ਦੂਰ ਹੋ ਸਕਦੇ ਹਨ । ਆਓ, ਅਸੀਂ ਸੱਭ ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਨੂੰ ਵੀਚਾਰ ਕੇ ਪੜ੍ਹੀਏ ਅਤੇ ਉਸ ਉੱਪਰ ਅਮਲ ਕਰੀਏ ਤਾਂ ਜੋ ਅਸੀਂ ਬਿੱਪਰ ਦੇ ਜਾਲ ਵਿਚੋਂ ਨਿਕਲ ਸਕੀਏ । ਧੰਨਵਾਦ ।

**ਸ਼ਾਇਦ ਕਿਸੇ ਗੁਰਸਿੱਖ ਨੂੰ 1947 ਤੇ 1984 ਦੀ ਦੀਵਾਲੀ ਯਾਦ ਹੋਵੇ ? ਵਾਹਿਗੁਰੂ ਸਾਨੂੰ ਸੁਮਤਿ ਬਖ਼ਸ਼ੇ ।**

ਖਿਮਾ ਦਾ ਜਾਚਕ, ਗੁਰੂ ਖ਼ਾਲਸਾ ਪੰਥ ਦਾ ਨਿਸ਼ਕਾਮ ਸੇਵਕ,

Gurmit Singh, Public Officer, Sikh Khalsa Mission Inc., Contact No. 61 – 2 – 9837 2787
[Sunday, 19th Oct. 2003]

---

# ਦਿਵਾਲੀ ਅਤੇ ਸਿੱਖ

*ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ, ਸਿੱਖ ਮਿਸ਼ਨਰੀ, ਦਿੱਲੀ*

**ਦਿਵਾਲੀ ਵਿਸਾਖੀ ਅਤੇ ਪੰਥਕ ਇਕੱਠ** - ਸਾਲ ਭਰ ਵਿਚ ਇਹ ਦੋ ਦਿਨ ਅਜਿਹੇ ਹਨ, ਜਦੋਂ ਸਾਲ ਵਿਚ ਦੋ ਵਾਰੀ ਸਮੁੱਚੀ ਸਿੱਖ ਕੌਮ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਅਜ ਦੀ ਬੋਲੀ ਵਿਚ ਇਸ ਨੂੰ 'ਸਰਬਤ ਖਾਲਸਾ' ਕਰਕੇ ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਵਿਸਾਖ ਸੁਦੀ ਦੂਜ ਭਾਵ 15 ਅਪ੍ਰੈਲ ਸੰਨ 1469 ਨੂੰ ਹੋਇਆ। ਇਸ ਤਰ੍ਹਾਂ ਹਰ ਇਕ ਵਿਸਾਖ ਦਾ ਸਾਰਾ ਮਹੀਨਾ ਅਤੇ ਵਿਸਾਖੀ ਦਾ ਦਿਨ ਵਿਸ਼ੇਸ਼ਕਰ ਸਿੱਖ ਸੰਗਤਾਂ ਵਾਸਤੇ ਵਧੇਰੇ ਉਤਸ਼ਾਹ ਅਤੇ ਪ੍ਰਭੂ ਜੱਸ ਵਾਲਾ ਬਣ ਗਿਆ। ਜਿੱਥੇ ਕਿੱਥੇ ਵੀ ਗੁਰੂ ਪਾਤਸ਼ਾਹ ਹੁੰਦੇ, ਵਿਸ਼ੇਸ਼ ਇਕੱਠ ਹੁੰਦਾ। ਚੂੰਕਿ ਪੂਰੇ ਸਾਲ ਦੀ ਵਿੱਥ, ਲੰਮੀ ਵਿੱਥ ਹੁੰਦੀ ਸੀ। ਤੀਜੇ ਪਾਤਸ਼ਾਹ ਨੇ, ਸਾਲ ਦੀ ਇਸ ਵਿੱਥ ਨੂੰ ਦਿਵਾਲੀ-ਵਿਸਾਖੀ ਵਿਚ ਬਦਲ ਦਿੱਤਾ। ਦੇਸੀ ਮਹੀਨਿਆਂ ਦੇ ਹਿਸਾਬ ਨਾਲ ਦਿਵਾਲੀ ਅਤੇ ਵਿਸਾਖੀ ਵਿਚ ਛੇ ਮਹੀਨੇ ਦਾ ਅੰਤਰ ਹੁੰਦਾ ਹੈ ਅਤੇ ਇਸ ਤਰ੍ਹਾਂ ਸੰਗਤਾ ਵਾਸਤੇ ਇਸ ਨੂੰ ਚੇਤੇ ਵਿਚ ਰਖਣਾ ਬਹੁਤ ਆਸਾਨ ਸੀ।

ਚੇਤੇ ਰਹੇ ਸਿੱਖ ਧਰਮ ਵਿਚ, ਇਹ ਦੋਵੇਂ ਇਕੱਠ ਕਿਸੇ ਬ੍ਰਾਹਮਣੀ ਤਿਉਹਾਰਾਂ ਵਜੋਂ ਕਦੇ ਵੀ ਨਹੀਂ ਸਨ। ਸਿੱਖਾਂ ਵਿਚ ਦਿਵਾਲੀ-ਦੀਵਿਆਂ, ਮਠਿਆਈਆਂ, ਆਤਿਸ਼ਬਾਜ਼ੀ ਦਾ ਤਿਉਹਾਰ ਕਦੇ ਵੀ ਨਹੀਂ ਸੀ ਜਿਵੇਂ ਕਿ ਅੱਜ ਸਿੱਖ ਪੰਥ ਇਸ ਜਿੱਲਣ ਵਿਚ ਫੱਸ ਕੇ, ਸਿੱਖ ਪਨੀਰੀ ਨੂੰ ਬ੍ਰਾਹਮਣੀ ਸਭਿਅਤਾ ਵਿਚ ਧੱਸਣ ਦਾ ਜਿੰਮੇਂਵਾਰ ਬਣਿਆ ਪਿਆ ਹੈ। ਇਨ੍ਹਾਂ ਦੋਨਾਂ ਮਹਾਨ ਇਕੱਠਾਂ ਸਮੇਂ, ਜਿੱਥੇ ਕਿੱਥੇ ਵੀ ਗੁਰੂ ਪਾਤਸ਼ਾਹ ਹੁੰਦੇ, ਸੰਗਤਾਂ ਉਨ੍ਹਾਂ ਦੇ ਚਰਣਾਂ ਵਿਚ ਪੁੱਜ ਕੇ, ਅਗਵਾਈ ਲੈਂਦੀਆਂ ਅਤੇ ਪਾਤਸ਼ਾਹ ਰਾਹੀਂ ਜਗ੍ਹਾ ਜਗ੍ਹਾ ਤੋਂ ਪੁੱਜੀਆਂ ਸੰਗਤਾਂ ਦੀਆਂ ਤਕਲੀਫਾਂ-ਲੋੜਾਂ-ਦੁੱਖਾਂ-ਦਰਦਾਂ ਨੂੰ ਸੁੰਨਣਾ ਅਤੇ ਹਲ ਕਰਨਾ ਹੁੰਦਾ ਸੀ। ਉਸ ਸਮੇਂ ਸਿੱਖ ਧਰਮ ਦੇ ਗੁਰਪੁਰਬ ਵੀ ਇਹੀ ਸਨ ਅਤੇ ਇਹੀ ਸਨ ਸਿੱਖ ਤਿਉਹਾਰ। ਵੱਖੋ-ਵੱਖਰੇ ਸ਼ਖਸੀ ਗੁਰਪੁਰਬ ਮਨਾਉਣ ਦਾ ਨੀਯਮ ਕਦੇ ਨਹੀਂ ਸੀ। ਸ਼ਖਸੀ ਗੁਰਪੁਰਬ ਵੈਸੇ ਵੀ ਗੁਰਬਾਣੀ ਸਿਧਾਂਤ ਨਾਲ ਮੇਲ ਨਹੀਂ ਖਾਂਦੇ।

ਇਥੇ ਹੀ ਬਸ ਨਹੀਂ ਅਜ ਤੋਂ ਕੁਝ ਸਮਾਂ ਪਹਿਲਾਂ, ਸਿਖਾਂ ਵਿਚ ਫਿਰ ਇਕ ਵਾਰੀ ਦਿਵਾਲੀ-ਵਿਸਾਖੀ ਸਰਬਤ ਖਾਲਸਾ ਦੀ ਲਹਿਰ ਉਠੀ ਪਰ ਉਹ ਵੀ ਸ਼ਾਇਦ ਇਹਨਾਂ ਦੇ ਅਸਲ ਮਕਸਦ ਨੂੰ ਸਮਝੇ ਬਿਨਾਂ। ਵੱਧ ਤੋਂ ਵੱਧ ਪੰਥ ਦੇ ਇਹਨਾਂ ਦੋਵੇਂ ਇਕੱਠਾਂ ਸਮੇਂ, ਕਿਸੇ ਪਾਰਟੀ ਦੇ ਕੁਝ ਵਿਸ਼ੇਸ਼ ਲੀਡਰਾਂ ਦੀਆਂ ਤਕਰੀਰਾਂ ਰਾਹੀਂ ਆਪਣੀ ਰਾਜਸੀ ਹੋਂਦ ਬਨਾਉਣੀ, ਇਸ ਤੋਂ ਵੱਧ ਉਹਨਾਂ ਦਾ ਕੋਈ ਹੋਰ ਪੰਥਕ ਮਕਸਦ ਨਹੀਂ ਸੀ।

**ਦਿਵਾਲੀ ਇਕ ਬ੍ਰਾਹਮਣੀ ਤਿਉਹਾਰ** - ਮੂਲ ਰੂਪ ਵਿਚ ਦਿਵਾਲੀ ਇਕ ਬ੍ਰਾਹਮਣੀ ਤਿਉਹਾਰ ਹੈ ਅਤੇ ਸਿੱਖ ਵਿਚਾਰਧਾਰਾ ਨਾਲ ਇਸ ਦਾ ਦੂਰ ਦਾ ਵੀ ਵਾਸਤਾ ਨਹੀਂ। ਬ੍ਰਾਹਮਣ ਮੱਤ ਅਨੁਸਾਰ ਸੰਪੂਰਨ ਹਿੰਦੂ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਹੈ। ਇਹ ਚਾਰ ਵਰਣ ਹਨ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰ। ਇਸਤਰ੍ਹਾਂ ਇਹ ਵੰਡ ਵੀ ਭਗਵਾਨ ਵਲੋਂ ਹੀ ਕੀਤੀ, ਦਸੀ ਗਈ ਹੈ। ਬ੍ਰਾਹਮਣ ਵੀਰ

ਨੇ ਹਰ ਇਕ ਸੌਖਾ, ਵਧੀਆ ਕੰਮ ਅਤੇ ਸਮਾਂ-ਅਪਣੇ ਪਾਸ ਰਖਿਆ, ਜਦੋਂ ਕਿ ਹਰ ਇਕ ਮੇਹਨਤ ਵਾਲਾ ਅਤੇ ਹਲਕਾ ਬਾਕੀਆਂ ਕੋਲ ਅਤੇ ਘਟੀਆ ਜਾਂ ਗੰਦਾ ਕੰਮ ਅਖੋਤੀ ਸੂਦਰਾਂ ਦੇ ਜ਼ਿੰਮੇਂ ਲਾਇਆ ਹੈ। ਇਥੇ ਹੀ ਬਸ ਨਹੀਂ, ਅਖੋਤੀ ਸੂਦਰਾਂ ਨੂੰ ਤਾਂ ਬਾਕੀ ਤਿੰਨਾਂ ਵਰਣਾਂ ਦਾ ਕੇਵਲ ਪਾਣੀਹਾਰ ਹੀ ਬਣਾਇਆ ਗਿਆ ਹੈ।

ਚੋਹਾਂ ਵਰਣਾਂ ਵਿੱਚਕਾਰ ਫ਼ਰਕ ਦਸਣ ਵਾਸਤੇ ਉਪਰਲੇ ਤਿੰਨਾਂ ਵਰਣਾਂ ਦੇ ਜੰਜੂ ਪਾਉਣ ਦੇ ਸਮੇਂ ਉਮਰ, ਮੌਸਮ, ਢੰਗ, ਪਹਿਰਾਵੇ ਸਭ ਵੱਖ-ਵੱਖ ਨੀਯਤ ਗਏ। ਅਖੋਤੀ ਸੂਦਰਾਂ ਅਤੇ ਇਸਤ੍ਰੀ ਨੂੰ ਤਾਂ ਜੰਜੂ ਦਾ ਹੱਕ ਵੀ ਨਹੀਂ ਦਿੱਤਾ ਗਿਆ। ਚੇਤੇ ਰਹੇ, ਜਦੋਂ ਵਰਣ ਵੰਡ ਕੀਤੀ ਗਈ ਤਾਂ ਸ਼ਰੀਰ ਦੇ ਉਪਰ ਦੇ ਕੱਪੜੇ ਪਾਉਣ ਦਾ ਰਿਵਾਜ਼ ਨਹੀਂ ਸੀ। ਜੰਜੂ ਤੋਂ ਹੀ ਪਤਾ ਲੱਗ ਜਾਂਦਾ ਸੀ ਕਿ ਕੋਈ ਮਨੁੱਖ ਕਿਸ ਵਰਣ ਨਾਲ ਸੰਬੰਧਤ ਹੈ। ਚੋਹਾਂ ਵਰਣਾਂ ਦੇ ਨਾਮ ਉਚਾਰਣ ਢੰਗ ਅਤੇ ਤਿਉਹਾਰ ਵੀ ਜੁਦਾ ਜੁਦਾ ਰਖੇ ਗਏ ਸਨ। ਇਸਤਰ੍ਹਾਂ ਬ੍ਰਾਹਮਣਾ ਵਾਸਤੇ 'ਵਿਸਾਖੀ', ਖੱਤਰੀਆਂ ਵਾਸਤੇ 'ਦੁਸਿਹਰਾ', ਬਾਣੀਆਂ-ਕਿਰਤੀਆਂ ਵਾਸਤੇ-ਲਛੱਮੀ ਪੂਜਾ ਦਾ ਤਿਉਹਾਰ 'ਦਿਵਾਲੀ' ਅਤੇ ਅਖੋਤੀ ਸੂਦਰਾਂ ਵਾਸਤੇ ਘੱਟਾ-ਮਿੱਟੀ ਉਡਾਣ ਜਾਂ ਖੜਮੱਸਤੀਆਂ ਕਰਨ ਵਾਸਤੇ 'ਹੋਲੀਆਂ' । ਸਮੇਂ ਸਮੇਂ ਨਾਲ ਇਨ੍ਹਾਂ ਤਿਉਹਾਰਾਂ ਨਾਲ ਹੋਰ ਹੋਰ ਘੱਟਨਾਵਾਂ ਵੀ ਜੁੱੜਦੀਆਂ ਗਈਆਂ ਜਾਂ ਜੋੜ ਦਿੱਤੀਆਂ ਜਾਂਦੀਆਂ ਰਹੀਆਂ ।

**ਦਿਵਾਲੀ ਅਥਵਾ ਦੀਪਾਵਲੀ** - 'ਦਿਵਾਲੀ' ਦਾ ਪੂਰਾ ਨਾਂ 'ਦੀਪਾਵਲੀ' ਹੈ-ਭਾਵ ਦੀਵਿਆਂ ਦਾ ਤਿਉਹਾਰ। ਜਿਨ੍ਹਾਂ ਦਿਨਾਂ ਵਿਚ ਇਸ ਤਿਉਹਾਰ ਦਾ ਅਰੰਭ ਕੀਤਾ ਗਿਆ ਸੀ। ਉਸ ਸਮੇਂ ਰੌਸ਼ਨੀ ਦਾ ਸਾਧਨ ਕੇਵਲ ਦੀਵੇ ਹੀ ਸਨ। ਮਸਿਆ ਦੀ ਇਸ ਕਾਲੀ ਰਾਤ ਨੂੰ ਅਨੇਕਾਂ ਦੀਵਿਆਂ ਦੀ ਰੌਸ਼ਨੀ ਕੀਤੀ ਜਾਂਦੀ ਹੈ। ਵਹਿਮੀ ਅਤੇ ਤਿਉਹਾਰ ਨਾਲ ਸੰਬੰਧਤ ਲੋਕ ਅੱਜ ਵੀ ਰੌਸ਼ਨੀ ਦੇ ਅਨੇਕਾਂ ਮਾਧਮਾਂ ਦੇ ਹੁੰਦੇ ਹੋਏ ਦੀਵੇ ਬਾਲਣਾ, ਅਪਣਾ ਧਰਮ ਕਰਮ ਮੰਨਦੇ ਹਨ। ਇਹ ਤਿਉਹਾਰ ਕੱਤਕ ਮਸਿਆ ਦੀ ਕਾਲੀ ਰਾਤ ਨੂੰ ਮਨਾਇਆ ਜਾਂਦਾ ਹੈ। ਵਰਣ-ਵੰਡ ਇਹ ਤਿਉਹਾਰ ਵੈਸ਼ਾਂ ਦਾ ਹੈ ਇਸ ਵਾਸਤੇ ਇਸ ਦਿਨ 'ਧੰਨ ਦੀ ਦੇਵੀ' ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ।

**ਦੇਵੀ - ਦੇਵਤਿਆਂ ਦਾ ਆਰੰਭ** - ਬ੍ਰਾਹਮਣ ਮੱਤ ਅਨੁਸਾਰ ਮਨੁੱਖ ਦੀ ਹਰ ਇਕ ਲੋੜ ਵਾਸਤੇ ਦੇਵੀ-ਦੇਵਤਿਆਂ ਦੀ ਸਿਰਜਨਾ ਕੀਤੀ ਗਈ ਹੈ। ਗੁਰਵਾਕ ਹੈ "**ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ**" (ਪੰ:129)। ਦਰਅਸਲ ਮਨੁੱਖ ਜਦੋਂ ਅਕਾਲਪੁਰਖ ਬਾਰੇ ਪੂਰਣਤਾ ਅਣਜਾਣ ਸੀ, ਜੇਕਰ ਹਵਾ ਰੁੱਕ ਗਈ ਜਾਂ ਤੁਫਾਨ ਆ ਗਿਆ ਤਾਂ ਮੰਨ ਲਿਆ ਕਿ ਇਸਦਾ ਕੋਈ ਦੇਵਤਾ ਭਾਵ ਕੰਟ੍ਰੋਲਰ ਹੈ, ਉਹ ਨਾਰਾਜ਼ ਹੈ ਅਤੇ ਉਸਨੂੰ ਖੁਸ਼ ਕਰਨਾ ਹੈ। ਸੰਸਕ੍ਰਿਤ ਭਾਸ਼ਾ ਵਿਚ ਦੇਣ ਵਾਲੇ ਨੂੰ 'ਦੇਵਤਾ' ਕਹਿੰਦੇ ਹਨ। ਇਸੇ ਤਰ੍ਹਾਂ ਅਗਨੀ ਦੇਵਤਾ, ਵਰੁਣ ਦੇਵਤਾ ਆਦਿ। ਪੁਲਿੰਗ ਵਾਚਕ ਸ਼ਕਤੀਆਂ ਨੂੰ ਦੇਵਤੇ ਅਤੇ ਇਸਤ੍ਰੀ ਲਿੰਗ ਸ਼ਕਤੀਆਂ ਨੂੰ ਦੇਵੀਆਂ ਦਾ ਨਾਮ ਦਿੱਤਾ ਗਿਆ। ਜਿਉਂ ਜਿਉਂ ਬ੍ਰਾਹਮਣ ਵਰਗ ਦੀ ਇਸ ਪਖੋਂ ਪੁੱਛ ਵੱਧੀ ਤਾਂ ਇਨ੍ਹਾਂ ਦੇਵੀ-ਦੇਵਤਿਆਂ ਨੂੰ ਉਸਨੇਂ ਵੱਖ ਵੱਖ ਰੂਪ ਵੀ ਦੇ ਦਿੱਤੇ। ਇਨ੍ਹਾਂ ਦੇ ਵਾਹਨ, ਇਨ੍ਹਾਂ ਨੂੰ ਪ੍ਰਸੰਨ ਕਰਨ ਦੇ ਮੰਤ੍ਰ 'ਤੇ ਯਗ, ਇਨ੍ਹਾਂ ਦੀ ਪਸੰਦ, ਇਨ੍ਹਾਂ ਤੋਂ ਮੰਗਾਂ ਅਤੇ ਇਨ੍ਹਾਂ ਦੀ ਪੂਜਾ ਦੇ ਦਿਨ, ਸਭ ਕੁਝ ਵੱਖੋ ਵੱਖਰਾ ਘੜਿਆ ਗਿਆ। ਇਹੀ ਸੀ ਮਨੁੱਖ ਦੀ ਤਬਾਹੀ ਦਾ ਦੁੱਖਦਾਈ ਅਰੰਭ।

ਇਕ ਅਕਾਲ ਪੁਰਖ ਦੀ ਇਕੋ ਹੀ ਸੰਤਾਨ, ਪਰੋਪਕਾਰੀ ਬਨਣ ਦੀ ਬਜਾਏ, ਵੱਧ ਤੋਂ ਵੱਧ ਅਪਣੀਆਂ ਮੰਗਾ-ਲੋੜਾਂ ਦੀ ਗੁਲਾਮ ਬੰਣਦੀ ਗਈ ਅਤੇ ਇਸ ਤਰ੍ਹਾਂ ਨਿਹਿਤ ਸਵਾਰਥੀ ਬਣ ਕੇ ਰਹਿ ਗਈ। ਕਿਸੇ ਨੇ ਅਪਣੀ ਪੱਤਨੀ ਨੂੰ ਵੱਸ ਵਿਚ ਕਰਨਾ ਸੀ ਅਤੇ ਕਿਸੇ ਨੇ ਅਪਣੇ ਪਤੀ ਨੂੰ, ਕਿਸੇ ਨੂੰ ਉਲਾਦ ਚਾਹੀਦੀ ਹੈ ਭਾਵੇਂ ਬਦਲੇ ਵਿਚ ਪੜੋਸੀ ਦੇ ਬ'ਚੇ ਦੀ ਬਲੀ ਹੀ ਕਿਉਂ ਨ ਦੇਣੀ ਪਵੇ, ਇਸੇ ਤਰ੍ਹਾਂ ਕਿਸੇ ਨੂੰ ਧੰਨ ਚਾਹੀਦਾ ਹੈ ਭਾਵੇਂ ਦੂਜੇ ਦੇ ਧੰਨ ਦੀ ਕੀਮਤ ਤੇ ਇਸ ਤਰ੍ਹਾਂ ਸਭ ਕੁਝ। ਇਸੇ ਪਰਪਾਟੀ ਅਧੀਨ ਧੱਨ ਦੀ ਦੇਵੀ ਲੱਛਮੀ ਮਿੱਥੀ ਗਈ ਜਿਹੜੀ ਕਿ ਕਾਮਦੇਵ ਦੀ ਮਾਤਾ ਅਤੇ ਵਿਸ਼ਨੂੰ ਦੀ ਇਸਤ੍ਰੀ ਦਸੀ ਜਾਂਦੀ ਹੈ। ਖ਼ੂਬੀ ਇਹ ਕਿ ਸੰਸਾਰ ਦੇ ਕੁਝ ਹੋਰ ਧਰਮ-ਫ਼ਿਰਕੇ ਵੀ ਦੇਵੀ-ਦੇਵਤਿਆਂ ਦੀ ਉਲਝਣ ਵਿਚ ਫਸੇ ਹੋਏ ਹਨ ਪਰ ਧੰਨ ਦਾ ਦੇਵਤਾ ਜਾਂ ਦੇਵੀ ਕਿਸੇ ਹੋਰ ਨੇ ਨਹੀਂ ਸਿਰਜੀ। ਸੋਚਣ ਦਾ ਵਿਸ਼ਾ ਹੈ ਜਿੱਥੇ ਜੀਵਨ ਦਾ ਆਧਾਰ ਹੀ 'ਪੈਸੇ ਦੀ ਪੂਜਾ' ਹੈ ਉਥੇ ਮਨੁੱਖੀ ਪਿਆਰ ਜਾਂ ਭਰਾਤ੍ਰੀ ਭਾਵ ਜਨਮ ਹੀ ਕਿਸ ਤਰ੍ਹਾਂ ਲੈ ਸਕਦਾ ਹੈ?

**ਦੀਵਾਲੀ ਅਤੇ ਲਛੱਮੀ ਪੂਜਾ** - ਇਹ ਇਕ ਲੰਮਾ ਅਤੇ ਵੱਖਰਾ ਵਿਸ਼ਾ ਹੈ, ਇਥੇ ਦੇਖਣ ਦੀ ਗੱਲ ਤਾਂ ਕੇਵਲ ਇਹ ਹੈ ਕਿ ਦਿਵਾਲੀ ਚੂੰਕਿ ਵੈਸ਼ਾਂ ਅਥਵਾ ਕਿਰਤੀਆਂ ਦਾ ਤਿਉਹਾਰ ਹੈ। ਸਾਰਾ ਸਾਲ ਕੰਮ ਵਿਚ ਰੁੱਝੇ ਰਹਿਣ ਉਪਰੰਤ ਕਿਰਤੀਆਂ ਦੇ ਕੰਮ ਕਾਰ ਦਾ ਇਹ ਆਖਰੀ ਦਿਨ ਹੁੰਦਾ ਸੀ। ਦਿਵਾਲੀ ਤੋਂ ਅਗਲਾ ਦਿਨ 'ਵਿਸ਼ਕ੍ਰਮਾਂ ਦਿਵਸ' ਅਤੇ ਫਿਰ 'ਧੰਨ ਚੋਂਦਸ'। ਦਿਵਾਲੀ ਦੇ ਦਿਨ ਵੈਸ਼ ਲੋਕ ਇਸ ਵਿਸ਼ਵਾਸ ਨਾਲ ਕਿ ਉਨ੍ਹਾਂ ਦੇ ਘਰ ਵਿਚ ਅਜ 'ਲੱਛਮੀ ਮਾਤਾ' ਨੇ ਪ੍ਰਵੇਸ਼ ਕਰਨਾ ਹੈ, ਕੁਝ ਦਿਨ ਪਹਿਲਾਂ ਤੋਂ ਹੀ ਘਰਾਂ, ਦੁਕਾਨਾਂ ਦੇ ਰੰਗ-ਰੋਗਨ-ਸਫੈਦੀਆਂ ਕਰਾਂਦੇ ਹਨ। ਉਹ ਲੋਕ ਉਸ ਦਿਨ ਦੀਵਿਆਂ ਦੀ ਰੌਸ਼ਨੀ ਕਰਦੇ ਹਨ, ਮਠਿਆਈਆਂ ਵੰਡਦੇ ਅਤੇ ਆਤਸ਼ਬਾਜੀ ਕਰਦੇ ਹਨ, ਨਵੇਂ ਸਿਲੇ ਕੱਪੜੇ ਪਾਂਦੇ, ਤੋਹਫ਼ਿਆਂ ਦਾ ਲੈਣ-ਦੇਣ ਕਰਦੇ ਹਨ। ਇਕ ਤਾਂ ਖ਼ੁਸ਼ੀ ਇਹ ਕਿ ਸਾਲ ਬਾਦ ਕਲ ਛੁੱਟੀ ਦਾ ਦਿਨ ਹੋਵੇਗਾ, ਦੂਜਾ ਇਹ ਕਿ 'ਲੱਛਮੀ ਮਾਤਾ' ਨੂੰ ਪ੍ਰਸੰਨ ਕਰਨਾ ਹੈ ਤਾਕਿ ਅਗੋਂ ਸਾਲ ਭਰ ਵੀ ਆਉਂਦੀ ਰਵੇ। ਰਾਤ ਨੂੰ ਘਰਾਂ ਦੇ ਦਰਵਾਜੇ ਖ਼ੁੱਲੇ ਰਖਦੇ ਹਨ, ਇਸ ਵਿਸ਼ਵਾਸ ਨਾਲ ਕਿ 'ਲਛਮੀ ਮਾਤਾ' ਨੇ ਪ੍ਰਵੇਸ਼ ਕਰਨਾ ਹੈ, ਕਿੱਧਰੇ ਦਰਵਾਜਾ ਬੰਦ ਦੇਖ ਕੇ ਬਾਹਰੋਂ ਹੀ ਨ ਮੁੜ ਜਾਵੇ। ਉਸ ਦਿਨ ਧੰਨ 'ਤੇ ਚਾਂਦੀ ਦੇ ਸਿੱਕਿਆਂ ਨਾਲ ਲੱਛਮੀ ਦੇਵੀ ਦੀ ਫੋਟੋ ਜਾਂ ਮੂਰਤੀ ਦੀ ਪੂਜਾ ਕਰਦੇ ਹਨ ਅਤੇ ਦੀਵਾਰਾਂ ਤੇ ਕੇਸਰ ਦੇ ਗਣੇਸ਼ ਬਣਾਂਦੇ ਹਨ। ਇਸ ਦਿਨ ਬਹੁਤੇ ਹਿੰਦੂ ਲੋਕ ਜੂਆ ਵੀ ਖੇਡਦੇ ਹਨ-ਸ਼ਾਇਦ ਬਿਨਾਂ ਮੇਹਨਤ ਇਸ ਤਰ੍ਹਾਂ ਬਹੁਤਾ ਧੰਨ ਆ ਜਾਵੇ ਅਤੇ ਸਾਰਾ ਸਾਲ ਹੀ ਇਹ ਸਿਲਸਲਾ ਚਲਦਾ ਰਵੇ। ਦਿਵਾਲੀ ਦੀ ਰਾਤ ਜੂਆ ਖੈਡਣ ਵਾਸਤੇ ਉਤਸਾਹਤ ਕਰਨ ਦੀ ਗਲ ਸ਼ਿਵ ਪੁਰਾਣ ਵਿਚ ਵੀ ਕਹੀ ਗਈ ਹੈ। ਉਥੇ ਸ਼ਿਵਜੀ ਅਤੇ ਪਾਰਬਤੀ ਨੂੰ ਆਪਸ ਵਿਚ ਜੂਆ ਖੇਡਦੇ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਰਾਮਾਇਣ ਵਿਚ ਵੀ ਦਿਵਾਲੀ ਦੀ ਰਾਤ ਰਾਮ ਅਤੇ ਸੀਤਾ ਵਿੱਚਕਾਰ ਜੂਆ ਖੈਡਣ ਬਾਰੇ ਜ਼ਿਕਰ ਹੈ। ਅਨੇਕਾਂ ਵਹਿਮਾਂ ਦੇ ਨਾਲ ਇਹ ਵਹਿਮ ਵੀ ਪ੍ਰਚਲਤ ਕੀਤਾ ਗਿਆ ਹੈ ਕਿ ਜਿਹੜਾ ਹਿੰਦੂ ਇਸ ਦਿਨ ਜੂਆ ਨਹੀਂ ਖੇਡੇਗਾ, ਉਹ ਖੋਤੇ ਦੀ ਜੂਨ ਵਿਚ ਪਵੇਗਾ। ਨਤੀਜਾ ਹੁੰਦਾ ਹੈ ਕਿ ਅਗਿਆਨਤਾ ਵੱਸ ਇਸ ਭੇਡ ਚਾਲ ਦਾ ਸ਼ਿਕਾਰ ਅਨੇਕਾਂ ਲੋਕ, ਚਾਲਬਾਜ ਜੁਆਰੀਆਂ ਹਥੋਂ ਚੰਗੀ ਤਰ੍ਹਾਂ ਲੁੱਟ ਲਏ ਜਾਂਦੇ ਹਨ।

ਆਤਿਸ਼ਬਾਜੀ ਦੀ ਬਹੁਤਾਇਤ ਅਨੇਕਾਂ ਅੱਗਾਂ ਲਗਣ ਦਾ ਕਾਰਣ ਬਣਦੀ ਹੈ। ਫੋਕਟ ਵਿਸ਼ਵਾਸਾਂ ਅਧੀਨ ਕੀਤਾ ਬੇਤਹਾਸ਼ਾ ਖਰਚਾ ਅਨੇਕਾਂ ਦੀ ਘਰ-ਗ੍ਰਿਹਸਤੀ ਤਬਾਹ ਕਰਦਾ ਹੈ। ਲੱਛਮੀ ਨੇ ਤਾਂ ਘਰ ਵਿਚ ਕੀ ਪ੍ਰਵੇਸ਼ ਕਰਨਾ ਹੈ, ਅਨੇਕਾਂ ਵਾਧੂ ਕਰਜ਼ਿਆਂ ਹੇਠ ਦੱਬ ਜਾਂਦੇ ਹਨ। ਕਈਆਂ ਦੇ ਤਾਂ ਦਿਵਾਲੇ ਤੀਕ ਵੀ ਪਿੱਟ ਜਾਂਦੇ ਹਨ। ਵਾਤਾਵਰਣ ਵਿਚ ਜਿਹੜਾ ਪ੍ਰਦੂਸ਼ਣ ਵੱਧਦਾ ਹੈ ਕਰਤਾ ਹੀ ਸੁਮੱਤ ਬਖਸ਼ੇ। ਗੁਰੂ ਪਾਤਸ਼ਾਹ ਦਾ ਫੈਸਲਾ ਹੈ "**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ**" (ਪੰਨਾ 637) ਕਿਆ ਖੂਬ! ਧੰਨ ਦੇਵੀ ਲਛਮੀ

ਦੇ ਪੁਜਾਰੀ ਤਾਂ ਭਾਰਤ ਵਿਚ ਹਨ ਜਿਥੇ ਗਰੀਬੀ, ਕੰਗਾਲਤਾ 'ਤੇ ਭੁੱਖਮਰੀ ਹੱਦਾਂ ਟੱਪ ਰਹੀ ਹੈ ਅਤੇ ਧੰਨ ਦੀ ਬਹੁਤਾਇਤ ਅਮਰੀਕਾ ਵਰਗੇ ਦੇਸ਼ਾਂ ਵਿਚ ਹੈ। ਜਿੱਥੇ ਇਸ ਦੇਵੀ ਦਾ ਕੋਈ ਪੁਜਾਰੀ ਨਹੀਂ। ਸਰਸਵਤੀ ਦੇ ਪੁਜਾਰੀ, ਗਲੇ ਗਲੇ ਤੀਕ ਜਹਾਲਤਾਂ ਵਿਚ ਨਿਚੋੜੇ ਜਾ ਰਹੇ ਹਨ। ਸੀਤਲਾ ਨੂੰ ਦੇਵੀ ਮੰਨ ਕੇ ਪੂਜਣ ਵਾਲਿਆਂ ਦੇ ਦੇਸ਼ ਵਿਚ, ਇਕ ਵਾਰੀ ਸੀਤਲਾ (ਚੇਚਕ) ਫੁੱਟ ਜਾਂਦੀ ਤਾਂ ਲੱਖਾਂ ਕੀਮਤੀ ਜਾਨਾਂ ਚਲੀਆਂ ਜਾਂਦੀਆ ਸਨ। ਕੇਵਲ ਇਕ ਇੰਜੈਕਸ਼ਨ ਦੀ ਖੋਜ ਨੇ ਸੀਤਲਾ ਨੂੰ ਅਜਿਹਾ ਦੁੜਾਇਆ ਕਿ ਸੰਸਾਰ ਭਰ ਵਿਚੋਂ ਗ਼ਾਇਬ ਹੋ ਗਈ। ਫਿਰ ਵੀ ਭਾਰਤ ਵਾਸੀ ਗੁਰਬਾਣੀ ਦੇ ਇਸ ਸੱਚ ਨੂੰ ਨਹੀਂ ਪਹਿਚਾਨ ਸਕੇ।

**ਦਿਵਾਲੀ - ਵੈਸ਼ਾਂ ਦਾ ਅਤੇ ਵਿਸ਼ਕ੍ਰਮਾਂ ਦਿਵਸ** - ਮੂਲ ਰੂਪ ਵਿਚ ਦਿਵਾਲੀ ਬ੍ਰਾਹਮਣੀ ਅਤੇ ਵਰਣਵੰਡ ਅਨੁਸਾਰ ਵੈਸ਼ਾਂ ਭਾਵ ਕਿਰਤੀਆਂ-ਕਾਮਿਆਂ-ਬਾਬੂਆਂ ਦਾ ਤਿਉਹਾਰ ਹੈ। ਸਾਲ ਭਰ ਕੰਮ ਕਰਨ ਤੋਂ ਬਾਦ, ਆਖਿਰੀ ਦਿਨ ਇਹ ਲੋਕ ਖੁਸ਼ੀਆਂ ਮੰਨਾਂਦੇ, ਲੱਛਮੀ (ਧੰਨ) ਦੀ ਪੂਜਾ ਕਰਦੇ, ਆਤਿਸ਼ਬਾਜੀਆਂ ਚਲਾਂਦੇ, ਦੀਪਮਾਲਾਵਾਂ ਕਰਦੇ, ਮਠਿਆਂਈਆਂ ਆਦਿ ਵੰਡਦੇ ਹਨ। ਧੰਨ ਦੇਵੀ ਦੇ ਸੁਆਗਤ ਵਿਚ, ਦਿਵਾਲੀ ਦੇ ਦਿਨ ਕੰਮ ਕਾਰ ਤੋਂ ਉੱਕਾ ਛੁਟੀ ਨਹੀਂ ਕਰਦੇ।। ਪੁਰਾਨੇ ਸਮੇਂ, ਸਾਲ ਪਿਛੋਂ ਇਕ ਦਿਨ ਦੀ ਛੁੱਟੀ ਦਾ ਹੀ ਨੀਯਮ ਹੁੰਦਾ ਸੀ। ਇਹੀ ਕਾਰਣ ਹੈ ਕਿ ਇਹ ਲੋਕ ਸਾਲ ਪਿਛੋਂ ਦਿਵਾਲੀ ਤੋਂ ਦੂਜੇ ਦਿਨ ਪੂਰੀ ਛੁੱਟੀ ਮਨਾਂਦੇ ਅਤੇ ਆਰਾਮ ਕਰਦੇ। ਇਸ ਨੂੰ 'ਵਿਸ਼ਵ-ਕਰਮਾ ਦਿਵਸ' ਕਰਕੇ ਕਿਹਾ ਜਾਂਦਾ ਸੀ। ਅਰਥ ਹੈ-ਵਿਸ਼ਵ (ਸੰਸਾਰ) ਭਰ ਦੇ ਕਾਮਿਆਂ ਦੇ ਆਰਾਮ ਦਾ ਦਿਨ।

*ਕਿਉਂਕਿ ਇਸ ਦਿਨ ਦਾ ਸੰਬੰਧ ਕਿਰਤੀਆਂ-ਕਾਮਿਆਂ ਨਾਲ ਸੀ। ਸਮੇਂ ਦੇ ਨਾਲ ਨਾਲ ਜਿਵੇਂ ਧੰਨ ਦੀ ਦੇਵੀ ਲੱਛਮੀ ਅਤੇ ਬੇਅੰਤ ਹੋਰ ਦੇਵੀਆਂ-ਦੇਵਤੇ ਮਿੱਥ ਲਏ ਗਏ। ਉਸੇ ਤਰ੍ਹਾਂ 'ਵਿਸ਼ਵਕ੍ਰਮਾ' ਨੂੰ ਵੀ ਦੱਸਤਕਾਰੀ ਦਾ ਦੇਵਤਾ ਮੂਰਤੀਮਾਨ ਕਰ ਦਿੱਤਾ ਗਿਆ। ਅਨੇਕਾਂ ਦੇਵੀ ਦੇਵਤਿਆਂ ਦੀ ਤਰ੍ਹਾਂ ਵਿਸ਼ਵਕ੍ਰਮਾਂ ਨਾਲ ਵੀ ਅਨੇਕਾਂ ਕਹਾਣੀਆਂ ਅਤੇ ਘੱਟਨਾਵਾਂ ਪ੍ਰਚਲਤ ਕਰ ਦਿੱਤੀਆਂ ਗਈਆਂ। ਇਨ੍ਹਾਂ ਹੀ ਦੇਵੀ-ਦੇਵਤਿਆ ਦੀ ਪੱਕੜ ਵਿਚ ਪ੍ਰਭੂ ਤੋਂ ਟੁੱਟਾ ਹੋਇਆ ਮਨੁੱਖ ਅਨੇਕਾਂ ਹੀ ਵਹਿਮਾਂ-ਭਰਮਾਂ ਦਾ ਸ਼ਿਕਾਰ ਹੁੰਦਾ ਗਿਆ।*

ਸਾਲ ਬਾਦ ਇੱਕ ਦਿਨ ਪੂਰੀ ਛੁਟੀ ਕਰਣੀ ਅਤੇ ਪੂਰਾ ਆਰਾਮ ਕਰਨਾ; ਉਸ ਦਿਨ ਕੋਈ ਕੰਮ ਨਾ ਕਰਨਾ; ਬਾਲ ਪ੍ਰਵਾਰ ਨਾਲ ਖੁਸ਼ੀ ਮਨਾਉਣੀ। ਇਹ ਤਾਂ ਠੀਕ ਹੈ ਪਰ ਇਸ '**ਵਿਸ਼ਕ੍ਰਮਾ ਦਿਵਸ**' ਤੇ ਕੰਡੇ-ਵੱਟਿਆਂ-ਓਜ਼ਾਰਾਂ ਦੀ ਪੂਜਾ ਕਰਨੀ, ਉਨ੍ਹਾਂ ਨੂੰ ਧੂਪ ਧੁਖਾਣੀ, ਹਾਰ ਚੜ੍ਹਾਣੇ ਅਤੇ ਕਿਸੇ ਵੱਡੀ ਲੋੜ ਵਾਸਤੇ ਵੀ ਓਜ਼ਾਰਾਂ ਨੂੰ ਵਰਤਣੋਂ ਡੱਰਨਾ, ਇਹ ਉਨ੍ਹਾਂ ਹੀ ਵਹਿਮਾਂ ਭਰਮਾਂ ਦਾ ਸ਼ਿਖਰ ਹੈ। ਉਪ੍ਰੰਤ ਤੀਜੇ ਦਿਨ 'ਧੰਨ ਚਉਦਸ' ਦੇ ਨਾਮ ਹੇਠ 'ਧੰਨ ਦੇਵਤੇ' ਨੂੰ ਨਮਸਕਾਰ ਕਰਕੇ ਅਪਣੇ ਕੰਮਕਾਰ, ਦੱਸਤਕਾਰੀ ਆਦਿ ਵਲ ਵੱਧਣਾ, ਇਹੀ ਹੈ ਉਹ ਸਾਰੀ ਖੇਡ।

ਅਜ ਦੇ ਯੁਗ ਵਿਚ ਜਦੋਂ ਸਾਲ ਬਾਦ ਇਕ ਛੁੱਟੀ ਦੀ ਬਜਾਏ ਮਹੀਨਾਵਾਰੀ ਛੁੱਟੀ, ਫਿਰ ਹੱਫਤਾਵਾਰੀ ਛੁੱਟੀ; ਹੁਣ ਜਦੋਂ ਕਿ ਕਈ ਕੰਮਾਂ ਵਿਚ ਅਤੇ ਕੁਝ ਮੁਲਕਾਂ ਵਿਚ ਹਫਤੇ ਦੀਆਂ ਦੋ ਦੋ ਛੁਟੀਆਂ ਦਾ ਨੀਯਮ ਹੈ। ਇਸਦੇ ਬਾਵਜੂਦ ਜੇਕਰ ਫਿਰ ਵੀ ਕੁਝ ਲੋਕ ਦਿਵਾਲੀ-ਵਿਸ਼ਕ੍ਰਮਾ ਦਿਵਸ ਨਾਲ ਉਸੇ ਤਰ੍ਹਾਂ ਬੱਝੇ ਹੋਏ ਹਨ ਜਾਂ ਦੀਵੇ ਹੀ ਬਾਲਦੇ ਹਨ ਤਾਂ ਇਹ ਗਲ ਉਨ੍ਹਾਂ ਦੇ ਹੀ ਸੋਚਣ ਦੀ ਹੈ, ਪਰ ਗੁਰੂਦਰ ਨਾਲ ਇਸ ਸਾਰੀ ਸੋਚਣੀ ਅਤੇ ਪੂਜਾ ਆਦਿ ਦਾ ਕੋਈ ਸੰਬੰਧ ਨਹੀਂ।

**ਦਿਵਾਲੀ ਅਤੇ ਸ੍ਰੀ ਰਾਮ ਚਦ੍ਰ ਜੀ** - ਸਮੇਂ ਨਾਲ, ਇਸ ਤਿਉਹਾਰ ਨਾਲ ਸ੍ਰੀ ਰਾਮ ਚੰਦ੍ਰ ਜੀ ਰਾਹੀਂ ਰਾਵਣ ਨੂੰ ਜਿੱਤਕੇ ਅਯੋਧਿਆ ਵਾਪਸ ਆਉਣ ਦੀ ਘੱਟਨਾ ਵੀ ਜੁੜ ਗਈ। ਇਸ ਤਰ੍ਹਾਂ ਸ੍ਰੀ ਰਾਮ ਚੰਦ੍ਰ ਜੀ ਨੂੰ ਅਵਤਾਰ ਮੰਨਣ ਵਾਲੇ ਲੋਕਾਂ ਦਾ ਵੀ ਤਿਉਹਾਰ ਬਣ ਗਿਆ। ਗੁਰਬਾਣੀ ਦਾ ਫੈਸਲਾ ਹੈ "**ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ**"(ਪੰਨਾ 423) ਅਤੇ "**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥ ਕੇਤੀਆ ਕੰਨ ਕਹਾਣੀਆ ਕੇਤੇ ਬੇਦ ਬੀਚਾਰ**"(ਪੰਨਾ 464) **ਹੋਰ ਲਵੋ "ਏਕ ਸਿਵ ਭਏ ਇਕ ਗਏ, ਇਕ ਫੇਰ ਭਏ॥ ਰਾਮ ਚੰਦਰ ਕਿਸ਼ਨ ਕੇ ਅਵਤਾਰ ਭੀ ਅਨੇਕ ਹੈ**"(ਪਾ:10) ਅਤੇ "**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ**" (ਪੰ:1136) ਮੁੱਕਦੀ ਗਲ ਜਿਹੜੇ ਲੋਕ ਸ੍ਰੀ ਰਾਮ ਚੰਦ੍ਰ ਜੀ ਨੂੰ ਭਗਵਾਨ ਜਾਂ ਰੱਬ ਮੰਨ ਕੇ ਦਿਵਾਲੀ ਮਨਾਉਂਦੇ ਹਨ, ਉਨ੍ਹਾਂ ਨੂੰ ਮੁਬਾਰਕ। ਗੁਰੂ ਨਾਨਕ ਪਾਤਸ਼ਾਹ ਅਨੁਸਾਰ ਤਾਂ "**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ**"(ਪੰਨਾ 350) ਗੁਰੂ ਦਰ ਤੇ ਤਾਂ, ਕੇਵਲ ਇਕ ਅਕਾਲਪੁਰਖ ਤੋਂ ਛੁਟ ਹੋਰ ਕਿਸੇ ਦੀ ਪੂਜਾ ਦਾ ਨੀਯਮ ਹੈ ਹੀ ਨਹੀਂ। ਇਸੇ ਤਰ੍ਹਾਂ ਜਿਸ ਬ੍ਰਾਹਮਣ ਤੋਂ ਇਹ ਅਵਤਾਰ ਪੂਜਾ ਦਾ ਅਰੰਭ ਹੋਇਆ ਹੈ, ਉਸ ਵਾਸਤੇ ਵੀ ਗੁਰੂ ਪਾਤਸ਼ਾਹ ਦਾ ਫੈਸਲਾ ਹੈ "**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ**"(ਪੰ:1370) ਅਤੇ ਹੋਰ ਅਨੇਕਾਂ ਸ਼ਬਦ। ਨਾਲ ਹੀ ਬਾਣੀ ਦਾ ਇਹ ਵੀ ਫੈਸਲਾ ਹੈ "**ਏਕੁ ਸਾਹਿਬੁ ਸਿਰਿ ਛਤੁ, ਦੂਜਾ ਨਾਹਿ ਕੋਇ**"(ਪੰ:398)। ਇਸੇ ਤਰ੍ਹਾਂ ਇਸ ਵਰਣਵੰਡ ਵਾਲੀ ਦੇਣ ਨੂੰ ਵੀ ਬਾਣੀ ਨੇ ਪ੍ਰਵਾਨ ਨਹੀਂ ਕੀਤਾ। ਫੈਸਲਾ ਹੈ "**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ**" (ਪੰਨਾ747)। ਇਥੇ ਤਾਂ "ਮਾਨਸ ਕੀ ਜਾਤ ਸਭੈ ਇਕੈ ਪਹਿਚਾਣਬੋ" ਦਾ ਨੀਯਮ ਹੈ। ਇਸ ਵਾਸਤੇ ਜਿਹੜੀ ਵਿਚਾਰਧਾਰਾ-ਵਰਣ ਵੰਡ, ਦੇਵੀ ਪੂਜਾ, ਅਵਤਾਰ ਪੂਜਾ ਜਾਂ ਬ੍ਰਾਹਮਣ ਮੱਤ ਨਾਲ ਸੰਬੰਧਤ ਹੈ, ਗੁਰੂ ਸਾਹਿਬ ਵਲੋਂ ਉਸ ਵਿਚਾਰਧਾਰਾ ਦਾ ਮੂਲੋਂ ਹੀ ਖੰਡਣ ਹੈ ਤਾਂ ਸਿੱਖ ਦਾ ਅਜੇਹੀ ਸੋਚਣੀ ਜਾਂ ਤਿਉਹਾਰਾਂ ਨਾਲ ਕੀ ਸੰਬੰਧ? ਫਿਰ ਇਹ ਵੀ ਫੈਸਲਾ ਹੈ-'**ਜਬ ਯਹ ਗਹੈ ਵਿਪਰਨ ਕੀ ਰੀਤ, ਮੈਂ ਨ ਕਰਉ ਇਨ ਕੀ ਪ੍ਰਤੀਤ**' (ਪਾ:10)

**ਬ੍ਰਾਹਮਣੀ ਕੁਟਲਨੀਤੀ ਦਾ ਇਹ ਭਿਅੰਕਰ ਰੂਪ** - ਬ੍ਰਾਹਮਣੀ ਜਾਲ ਦਾ ਇਕ ਹੋਰ ਰੂਪ ਇਹ ਵੀ ਹੈ ਜਿਹੜਾ ਕਿ ਲੋਕਾਈ ਦੀ ਸਮਝ ਵਿਚ ਆਉਣਾ ਇੱਤਨਾ ਸੌਖਾ ਨਹੀਂ। ਬ੍ਰਾਹਮਣ ਵੀਰ ਅਪਣੇ ਹਰ ਇਕ ਤਿਉਹਾਰ ਨੂੰ ਬਹੁਤਾ ਕਰਕੇ ਮੌਸਮ ਨਾਲ ਜੋੜ ਲੈਂਦਾ ਹੈ। ਉਸਨੂੰ ਸਮਾਜਕ ਰੀਤੀ ਰਿਵਾਜਾਂ ਦਾ ਲੇਬਲ ਲਗਾ ਦੇਂਦਾ ਹੈ। ਜਾਂ ਫਿਰ ਦੂਜੇ ਦੇ ਇਤਿਹਾਸ ਦੀਆਂ ਕੁਝ ਘੱਟਨਾਵਾਂ ਨੂੰ ਆਪਣੇ ਤਿਉਹਾਰਾਂ ਦਾ ਅੰਗ ਬਣਾ ਦੇਂਦਾ ਹੈ। ਹੋਰ ਨਹੀਂ ਤਾਂ, ਦੂਜੇ ਦੀ ਰਹਿਣੀ-ਸੋਚਣੀ ਨੂੰ ਬੜਾ ਮਿੱਠਾ ਬਣ ਕੇ ਅਪਣੀ ਬੁੱਕੱਲ ਵਿਚ ਲੈ ਲੈਂਦਾ ਹੈ। ਭਾਰਤ ਵਿਚੋਂ ਜੈਨ ਅਤੇ ਬੁੱਧਮੱਤ ਦੀ ਚੜ੍ਹਤ ਨੂੰ ਕਿਸੇ ਸ਼ਸਤ੍ਰਾਂ ਦੀ ਲੜਾਈ ਨਾਲ ਘੱਟ, ਬਲਕਿ ਉਨ੍ਹਾਂ ਦੀ ਨਿਰੋਲ ਵੱਖਰੀ ਵਿਚਾਰਧਾਰਾ ਨੂੰ ਬਦੋਬਦੀ ਖੱਲਤ-ਮਲਤ ਕਰਕੇ ਆਪਣੇ ਧਰਮ ਦਾ ਅੰਗ ਬਣਾ ਲਿਆ। ਮਹਾਤਮਾ ਬੁੱਧ ਅਤੇ ਮਹਾਵੀਰ ਸੁਆਮੀ ਦੀਆਂ ਮੂਰਤੀਆਂ ਨੂੰ ਅਪਣੇ ਮੰਦਰਾਂ ਵਿਚ ਲਿਆ ਟਿਕਾਇਆ। ਲਗਾਤਾਰ 1300 ਸਾਲਾਂ ਤੋਂ ਭਾਰਤ ਵਿਚ ਹੀ ਪੈਦਾ ਹੋਏ, ਪਰਵਾਣ ਚੜ੍ਹੇ ਬਲਕਿ ਰਾਜ ਸੱਤਾ ਤੀਕ ਪੁਜ ਚੁੱਕੇ ਬੁੱਧ ਧਰਮ ਨੂੰ ਵੀ ਜਦੋਂ ਭਾਰਤ ਵਿਚੋਂ ਹੀ ਚਲਦਾ ਕਰ ਦਿੱਤਾ ਗਿਆ ਤਾਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਣ ਚ ਬਹੁਤੀ ਦੇਰ ਨਹੀਂ ਲਗਦੀ। ਦੂਜੇ ਪਾਸੇ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਮੱਤ ਉਪਰ ਤਾਂ ਇਸਦਾ ਹਰ ਪਖੋਂ ਹਮਲਾ ਪਹਿਲੇ ਦਿਨ ਤੋਂ ਹੀ ਜਾਰੀ ਹੈ। ਸਾਨੂੰ ਉਚੇਚੇ ਸਵਾਧਾਨ ਹੋਣ ਦੀ ਲੋੜ ਹੈ।

**ਛੇਵੇਂ ਸਤਿਗੁਰੂ ਅਤੇ ਦਿਵਾਲੀ** - ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਅਗੱਸਤ ਦੇ ਮਹੀਨੇ ਸੰਨ 1621 ਵਿਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਅਪਣੇ ਨਾਲ ਰਿਹਾ ਕਰਵਾ ਕੇ ਲਿਆਏ। ਆਪ ਜੀ ਦਾ ਨਾਮ ਇਸ ਘੱਟਨਾ ਉਪ੍ਰੰਤ 'ਬੰਦੀ ਛੋੜ' ਵੀ ਪ੍ਰਚਲਤ ਹੋਇਆ। ਜਿਵੇਂ ਕਿ ਅਰੰਭ ਵਿਚ ਜ਼ਿਕਰ ਆ ਹੀ ਚੁੱਕਾ ਹੈ ਉਨ੍ਹੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ- 'ਦਿਵਾਲੀ'ਅਤੇ 'ਵਿਸਾਖੀ' ਹੋਇਆ ਕਰਦੇ ਸਨ। ਪਰ ਇਹ ਇਕੱਠ ਕਿਸੇ ਆਤਸ਼ਬਾਜੀ ਜਾਂ ਦੀਪਮਾਲਾ ਵਾਲੀ ਦਿਵਾਲੀ ਵਾਸਤੇ ਨਹੀਂ ਬਲਕਿ ਜਿੱਥੇ ਕਿੱਥੇ ਗੁਰੂ ਪਾਤਸ਼ਾਹ ਹੁੰਦੇ ਉਸ ਸਥਾਨ ਤੇ ਪਾਤਸ਼ਾਹ ਦੇ ਚਰਣ ਪਰਸਨ ਜਾਂ ਫਿਰ ਦੂਰ ਦੂਰ ਤੀਕ ਫੈਲ ਚੁਕੀਆਂ ਸੰਗਤਾਂ ਦੀਆਂ ਓਕੜਾਂ ਨੂੰ ਸੁਣਨ ਅਤੇ ਭਵਿੱਖ ਵਾਸਤੇ ਗੁਰੂ ਪਾਤਸ਼ਾਹ ਪਾਸੋਂ ਸੇਧ ਲੈਣ ਲਈ ਹੁੰਦੇ ਸਨ। ਅਜ ਦੀ ਤਰ੍ਹਾਂ ਵੱਖ-ਵੱਖ ਸ਼ਖਸੀ ਗੁਰਪੁਰਬ ਮਨਾਉਣ ਦਾ ਨੀਯਮ ਨਹੀਂ ਸੀ।

ਇਸਤਰ੍ਹਾਂ ਅਗੱਸਤ ਵਿਚ ਛੇਵੇਂ ਪਾਤਸ਼ਾਹ ਦੀ ਰਿਹਾਈ ਤੋਂ ਬਾਦ ਇਹ ਪਹਿਲਾ ਦਿਵਾਲੀ ਦਾ ਇਕੱਠ ਸੀ। ਇਸ ਬਾਰੇ ਕਿਹਾ ਜਾਂਦਾ ਹੈ ਕਿ ਦੀਪਮਾਲਾ ਕਰਕੇ ਮਨਾਇਆ ਗਿਆ, ਹਾਲਾਂਕਿ ਇਸਦਾ ਵੀ ਕੋਈ ਪੱਕਾ ਸਬੂਤ ਪ੍ਰਾਪਤ ਨਹੀਂ। ਉਸ ਤੋਂ ਬਾਦ ਦਸਵੇਂ ਪਾਤਸ਼ਾਹ ਤੀਕ ਵੀ ਅਜੇਹੀ ਕਿਸੇ ਦਿਵਾਲੀ ਜਾਂ ਸਿੱਖਾਂ ਰਾਹੀਂ ਦੀਪਮਾਲਾ ਦੀ ਕੋਈ ਸੂਚਨਾ ਨਹੀਂ। ਬਲਕਿ ਅੱਠਵੇਂ ਅਤੇ ਦਸਵੇਂ ਪਾਤਸ਼ਾਹ ਤਾਂ ਅੰਮ੍ਰਿਤਸਰ ਗਏ ਹੀ ਨਹੀਂ। ਫਿਰ ਉਪਰੋਕਤ ਦੀਪਮਾਲਾ ਨੂੰ ਵੀ ਜਦੋਂ ਬਾਬਾ ਬੁੱਢਾ ਜੀ ਵਰਗੇ ਬ੍ਰਹਮਗਿਆਨੀ, ਮਹਾਪੁਰਸ਼ਾਂ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਇਕ ਵਾਰੀ ਕੀਤੀ ਗਈ ਦੀਪਮਾਲਾ ਵੀ ਆਪੇ ਹੀ ਬ੍ਰਾਹਮਣੀ ਮਿਲਾਵਟ ਸਾਬਤ ਹੋ ਜਾਂਦੀ ਹੈ। ਲਗਾਤਾਰ ਦੀਪਮਾਲਾ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਫਿਰ ਜੇਕਰ ਰਿਹਾਈ ਨੂੰ ਉਚੇਚੀ ਖੁਸ਼ੀ ਦਾ ਸਾਲਾਨਾ ਸਿੱਖ ਤਿਉਹਾਰ ਮੰਨ ਵੀ ਲਿਆ ਜਾਵੇ ਤਾਂ ਪੰਜਵੇਂ ਪਾਤਸ਼ਾਹ ਦੀ ਉਨ੍ਹੀਂ ਦਿਨੀ ਹੋਈ ਤਾਜ਼ੀ ਤਾਜ਼ੀ, ਤਸੀਹੇ ਭਰਭੂਰ ਕੁਰਬਾਨੀ ਉਪ੍ਰੰਤ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਬਾਰੇ ਪੰਥ ਦੀ ਕੀ ਸੋਚ ਹੋਵੇਗੀ? ਅਜਿਹੀਆਂ ਖੁਸ਼ੀਆਂ ਜਾਂ ਗੰਮ ਸਿੱਖ ਵਿਚਾਰਧਾਰਾ ਅਤੇ ਗੁਰਬਾਣੀ ਸਿਧਾਂਤ ਦਾ ਕਦੇ ਵੀ ਅੰਗ ਨਹੀਂ ਹੋ ਸਕਦੇ।

**ਭਾਈ ਮਨੀ ਸਿੰਘ ਜੀ ਅਤੇ ਦਿਵਾਲੀ** - ਇਸ ਤੋਂ ਬਾਦ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਜਦੋਂ ਕਾਫੀ ਸਮੇਂ ਬਾਦ ਸੰਨ 1737 ਵਿਚ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦਾ ਇੱਕ 'ਦਿਵਾਲੀ ਇਕੱਠ' ਕਰਨ ਦਾ ਫ਼ੈਸਲਾ ਕੀਤਾ। ਦਸਮੇਸ਼ ਪਿੱਤਾ ਦੇ ਸਮੇਂ ਤੋਂ ਹੀ ਕਾਫੀ ਭੀੜਾ ਬਣੀ ਰਹਿਣ ਕਰਕੇ ਇਹ ਵਿਸਾਖੀ-ਦਿਵਾਲੀ ਵਾਲੇ ਇਕੱਠ ਕਾਫੀ ਸਮਾਂ ਨਹੀਂ ਸਨ ਹੋ ਸਕੇ। ਇਕ ਪਾਸੇ ਤਾਂ ਇਹ ਦਿਵਾਲੀ ਇਕੱਠ, ਸਰਕਾਰੀ ਮਨਜ਼ੂਰੀ ਨਾਲ ਕੀਤਾ ਜਾਣਾ ਸੀ। ਦੂਜੇ ਇਹ ਭੇਦ ਵੀ ਖੁੱਲ ਗਿਆ ਕਿ ਸਰਕਾਰ ਦੀ ਨੀਯਤ ਠੀਕ ਨਹੀਂ। ਇਸਨੂੰ ਕੈਂਸਲ ਕਰ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਨੇ ਅਪਣੇ ਬੰਦ ਬੰਦ ਤਾਂ ਕਟਵਾ ਲਏ ਪਰ ਗੁਰੁਦਰ ਦਾ ਇਕ ਪੈਸਾ ਵੀ ਸਰਕਾਰੀ ਖਜ਼ਾਨੇ ਵਿਚ ਜੁਰਮਾਨੇ ਵਜੋਂ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਉਨ੍ਹਾਂ ਦਾ ਇਕੋ ਹੀ ਉਤੱਰ ਸੀ ਜੇ ਇਕੱਠ ਹੋ ਜਾਂਦਾ ਤਾਂ ਟੈਕਸ ਦੇਣਾ ਸੀ ਜੇ ਇਕੱਠ ਹੀ ਨਹੀਂ ਹੋਇਆ ਤਾਂ ਇਹ ਟੈਕਸ ਦੇਣਾ, ਸੰਗਤ ਦੇ ਧੰਨ ਦੀ ਕੁਵਰਤੋਂ ਹੈ, ਜੋ ਨਹੀਂ ਕੀਤੀ ਜਾਵੇਗੀ। ਇਹ ਘੱਟਨਾ ਵੀ ਅਜੇਹੀ ਇਤਿਹਾਸਕ ਖੁਸ਼ੀ ਦੀ ਘੱਟਨਾ ਨਹੀਂ ਜੋਕਿ ਇਸ ਨਾਲ ਜੋੜ ਕੇ ਦਰਬਾਰ ਸਾਹਿਬ, ਅੰਮ੍ਰਿਤਸਰ ਜਾਂ ਸਿੱਖ ਧਰਮ ਦਿਵਾਲੀਆਂ ਮਨਾਏ, ਦੀਪਮਾਲਾਵਾਂ ਕਰੇ ਅਤੇ ਮਠਿਆਈਆਂ ਵੰਡੇ।

ਸਚਾਈ ਤਾਂ ਇਹ ਹੈ ਕਿ ਗੁਰੂ ਕੀ ਗੋਲਕ ਦੀ ਜਿਹੜੀ ਬੇਅੰਤ ਕੁਵਰਤੋਂ ਹੋ ਰਹੀ ਹੈ, ਉਸੇ ਦਾ ਨਤੀਜਾ ਹੈ ਕਿ ਪੰਥ ਅਜ ਪੂਰਨ ਤਬਾਹੀ ਵਾਲੀ ਹਾਲਤ ਨੂੰ ਪੁੱਜ ਚੁੱਕਾ ਹੈ। ਸਿੱਖੀ ਅਲੋਪ ਹੋ ਰਹੀ ਹੈ। ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਹਾਦਤ ਤੋਂ ਸਾਨੂੰ ਕੁਝ ਸਬਕ ਲੈਣ ਦੀ ਲੋੜ ਹੈ।

***ਦਿਵਾਲੀ ਅਤੇ ਦਰਬਾਰ ਸਾਹਿਬ*** - *ਹੁਣ ਤੱਕ ਦੀ ਵਿਚਾਰ ਤੋਂ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਦਿਵਾਲੀ 'ਧੰਨ (ਲੱਛਮੀ) ਦੇਵੀ' ਦੀ ਪੂਜਾ ਦਾ ਜਾਂ ਵੱਧ ਤੋਂ ਵੱਧ ਸ੍ਰੀ ਰਾਮ ਚੰਦ੍ਰ ਜੀ ਦੇ ਬਨਬਾਸ ਤੋਂ ਵਾਪਸੀ ਨਾਲ ਸੰਬੰਧਤ, ਪੂਰਨ ਤੌਰ ਤੇ ਬ੍ਰਾਹਮਣੀ ਤਿਉਹਾਰ ਹੈ। ਸਿੱਖ ਵਿਚਾਰਧਾਰਾ ਜਾਂ ਸਿੱਖ ਧਰਮ ਨਾਲ ਇਸਦਾ ਉੱਕਾ ਹੀ ਕੋਈ ਸੰਬੰਧ ਨਹੀਂ। ਫਿਰ ਵੀ ਇਕ ਪਾਸੇ ਪੂਰਾ ਮੀਡੀਆ ਵਰਤ ਕੇ ਅਤੇ ਇਸ ਨੂੰ ਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਨਾਲ ਜੋੜ ਕੇ ਸਿੱਖਾਂ ਅਤੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਵੱਧ ਤੋਂ ਵੱਧ ਉਲਝਾਇਆ ਜਾ ਰਿਹਾ ਹੈ। ਦੂਜਾ 'ਜਿਨ ਪਰ ਤਕੀਆਂ ਥਾ ਵਹੀ ਪੱਤੇ ਹਵਾ ਦੇਣੇ ਲਗੇ' ਦੇ ਅਖਾਣ ਅਨੁਸਾਰ ਖੁੱਦ ਸਿੱਖ ਆਗੂ ਹੀ ਇਸਦਾ ਅਰੰਭ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਕਰ ਰਹੇ ਹਨ। ਇਹ ਇੱਕ ਵੱਡਾ ਦੁਖਾਂਤ ਹੈ ਕਿ ਜਿੱਤਨੀ ਆਤਸ਼ਬਾਜੀ ਜਾਂ ਦੀਪਮਾਲਾ ਅੱਜ ਸਿੱਖ ਸੰਗਤਾਂ ਦੇ ਪੈਸੇ ਨਾਲ ਦਰਬਾਰ ਸਾਹਿਬ ਹੁੰਦੀ ਹੈ ਅਤੇ ਬਿਨਾਂ ਸੋਚੇ ਇਸ ਦਿਨ ਨੂੰ ਛੇਵੇਂ ਪਾਤਸ਼ਾਹ ਦੀ ਰਿਹਾਈ ਨਾਲ ਜੋੜ ਕੇ ਸਿੱਖ ਸੰਗਤਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ ਇਸ ਦੀ ਮਿਸਾਲ ਨਹੀਂ ਮਿਲਦੀ। ਇਸਤਰ੍ਹਾਂ ਦੂਜਿਆਂ ਨੇ ਤਾਂ ਕੀ ਕਰਨਾ ਸੀ, ਸਾਡੇ ਅਪਣੇ ਹੀ ਆਗੂ ਜਦੋਂ ਬਦੋਬਦੀ ਸਿੱਖ ਸੰਗਤਾਂ ਨੂੰ ਬ੍ਰਾਹਮਣ ਦੀ ਝੋਲੀ ਵਿਚ ਧੱਕ ਕੇ ਪਤਿੱਤ ਹੋਣ ਵਾਸਤੇ ਉਕਸਾ ਰਹੇ ਹੁੰਦੇ ਹਨ ਤਾਂ ਰੋਈਏ ਕਿਸ ਅਗੇ? ਇਸ ਵਕੱਤ ਸਿੱਖ ਸੰਗਤਾਂ ਵਿਚ ਜੋ ਗੁਰਮੱਤ ਸੋਝੀ ਦੀ ਘਾਟ ਹੈ ਇਸਦੇ ਜ਼ਿੰਮੇਵਾਰ, ਸਾਡੇ ਆਗੂਆਂ, ਪ੍ਰਬੰਧਕਾਂ ਅਤੇ ਪ੍ਰਚਾਰਕਾਂ ਤੋਂ ਬਿਨਾਂ ਹੋਰ ਕੋਈ ਨਹੀਂ। ਇਸ ਗੁਰਮੱਤ ਘਾਟ ਦਾ ਹੀ ਸਿੱਟਾ ਹੈ ਜਦੋਂ ਆਮ ਸਿੱਖ ਨੂੰ ਛੇਵੇਂ ਪਾਤਸ਼ਾਹ ਦੀ ਰਿਹਾਈ ਵਾਲੀ ਗਲ ਤਾਂ ਚੇਤੇ ਨਹੀਂ ਹੁੰਦੀ। ਲੱਛਮੀ ਦੀ ਫੋਟੋ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਦੀ ਫੋਟੋ ਰਖ ਕੇ ਉਸੇ ਹੀ ਬ੍ਰਾਹਮਣੀ ਚੱਕਰ ਵਿਚ ਫਸਿਆ ਅੰਤ ਇਕ ਦਿਨ, ਸਿੱਖੀ ਪ੍ਰਵਾਰ ਅਤੇ ਸਰੂਪ ਤੋਂ ਵੀ ਦੂਰ ਚਲਾ ਜਾਂਦਾ ਹੈ। ਕੌਣ ਸੋਚੇਗਾ?*

ਇਸਦੇ ਬਦਲੇ ਜੇਕਰ ਪੰਥ ਦੇ ਆਗੂਆਂ ਨੇ ਬ੍ਰਾਹਮਣੀ ਅਤੇ ਹਿੰਦੂ ਬਹੁਸੰਮਤੀ ਵਾਲੇ ਦੇਸ਼ਾਂ ਜਾਂ ਇਲਾਕਿਆਂ ਵਿਚ ਇਸ ਦਿਨ ਨੂੰ ਸਾਲਾਨਾ ਪੰਥਕ ਇਕੱਠ ਦੇ ਨੀਯਮ ਨਾਲ ਅਪਣਾਇਆ ਹੁੰਦਾ; ਆਤਸ਼ਬਾਜੀ, ਦੀਪਮਾਲਾ ਜਾਂ ਮਠਿਆਈਆਂ ਆਦਿ ਫੋਕਟ ਵਿਸ਼ਵਾਸਾਂ ਦੀ ਬਿਲਕੁਲ ਮਨਾਹੀ ਹੁੰਦੀ ਤਾਂ ਵੀ ਸ਼ਾਇਦ ਅਸੀਂ ਅਪਣੇ ਨਿਆਰੇਪਣ ਦੀ ਕੁੱਝ ਤਾਂ ਰਾਖੀ ਕਰ ਸਕਦੇ। ਅਗਲੀ ਪਨੀਰੀ ਦੇ ਬਚਾਅ ਵਾਸਤੇ ਜਰੂਰੀ ਹੈ ਕਿ ਸਾਡੇ ਆਗੂ ਅਜੇ ਵੀ ਜਾਗਣ ਅਤੇ ਕੱਢਣ ਪੰਥ ਨੂੰ ਇਸ ਬ੍ਰਾਹਮਣੀ ਜਿੱਲ੍ਹਨ ਵਿਚੋਂ। ਸੰਗਤਾਂ ਦੀ ਖੂਨ ਪਸੀਨੇ ਦੀ ਕਮਾਈ ਦੀ ਕੁਵਰਤੋਂ ਕਾਰਣ ਪੰਥ ਜਿਸ ਤਬਾਹੀ ਵਲ ਵੱਧ ਰਿਹਾ ਹੈ, ਇਸ ਪੈਸੇ ਨਾਲ ਪੰਥਕ ਪਨੀਰੀ ਵਾਸਤੇ ਪ੍ਰੋਜੈਕਟ ਖੜੇ ਕਰਨ ਅਤੇ ਤਾਕਤ ਬਨਣ ਸਿੱਖ ਪਨੀਰੀ ਦੀਆਂ ਲੋੜਾਂ ਅਤੇ ਓਕੜਾਂ ਦੀ।

**ਦੀਪਮਾਲਾ ਅਤੇ ਭਾਈ ਗੁਰਦਾਸ ਜੀ** - ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੀ ਵਾਰ 19 ਦੀ ਪਉੜੀ ਨੰ: 6 ਇਸ ਪ੍ਰਕਾਰ ਹੈ "**ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥ ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ॥ ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਣਿ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਣਿ॥ ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਣਿ॥**" ਜਿਸਦੇ ਅਰਥ ਹਨ, ਜਿਵੇਂ ਦੀਵਾਲੀ ਦੀ ਰਾਤ ਲੋਕ ਦੀਵੇ ਬਾਲਦੇ ਹਨ ਪਰ ਉਸ ਰੌਸ਼ਨੀ ਦੀ ਕੋਈ ਉਮਰ ਨਹੀਂ ਕੇਵਲ

ਕੁਝ ਸਮੇਂ ਦਾ ਦਿਖਾਵਾ ਹੈ। ਛੋਟੇ-ਵੱਡੇ ਤਾਰੇ ਰਾਤ ਨੂੰ ਦਿਖਾਈ ਦੇਂਦੇ ਹਨ ਪਰ ਕੇਵਲ ਦਿਨ ਨਿਕਲਣ ਤੀਕ। ਫੁਲ ਜਦੋਂ ਖਿੜਦੇ ਹਨ ਤਾਂ ਚੁਣ-ਤੋੜ ਲਏ ਜਾਂਦੇ ਹਨ, ਪੌਦਿਆਂ ਨਾਲ ਲਗੇ ਨਹੀਂ ਰਹਿੰਦੇ। ਤੀਰਥਾਂ ਤੇ ਜਾਣ ਵਾਲੇ ਦਿਖਾਈ ਤਾਂ ਦੇਂਦੇ ਹਨ ਪਰ ਉਥੇ ਟਿੱਕਣ ਵਾਸਤੇ ਨਹੀਂ। ਬੱਦਲਾਂ ਦੇ ਆਕਾਸ਼ੀ ਮਹੱਲ ਦੇਖਣ ਨੂੰ ਤਾਂ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਹੋਂਦ ਕੋਈ ਨਹੀਂ। ਗੁਰਮੁਖ, ਸੰਸਾਰ ਦੀ ਇਸ ਬਿਨਸਨਹਾਰ ਅਤੇ ਨ ਰਹਿਣ ਵਾਲੀ ਅਵਸਥਾ ਨੂੰ, ਗੁਰੂ ਦੇ ਸ਼ਬਦ ਰਾਹੀਂ ਪਹਿਚਾਣ ਲੈਂਦਾ ਹੈ ਅਤੇ ਜੀਵਨ ਦੇ ਸੱਚੇ ਸੁਖ ਨਾਲ ਜੁੜ ਜਾਂਦਾ ਹੈ ਭਾਵ ਗੁਰੂ-ਸ਼ਬਦ ਦੀ ਕਮਾਈ ਕਰਨ ਵਾਲਾ ਸੰਸਾਰ ਦੀ ਬਿਨਸਨਹਾਰ ਅਸਲੀਅਤ ਨੂੰ ਪਹਿਚਾਣ ਲੈਂਦਾ ਹੈ ਅਤੇ ਅਮੁਲੇ ਮਨੁੱਖਾ ਜਨਮ ਦੇ ਸੱਚੇ ਅਤੇ ਸਦੀਵੀ ਸੁੱਖ ਨੂੰ ਪ੍ਰਪਤ ਕਰ ਲੈਂਦਾ ਹੈ। ਇਸਦੇ ਉਲਟ ਅਜ ਸਾਡੇ ਹੀ ਕਈ ਪ੍ਰਚਾਰਕ ਅਤੇ ਕੁਝ ਰਾਗੀ ਸੱਜਣ ਇਸ ਪਉੜੀ ਦੇ ਹੀ ਮੂਲ ਅਰਥਾਂ ਦੇ ਉਲਟ, ਕੇਵਲ ਪਹਿਲੀ ਪੰਕਤੀ ਦੀ ਟੇਕ ਬਣਾਕੇ, ਗੁਰਮੱਤ ਵਿਰੁਧ ਪ੍ਰਭਾਵ ਦੇਂਦੇ ਹਨ। ਇਸ ਤਰ੍ਹਾਂ ਕੇਵਲ ਅਪਣੀ ਭੇਟਾ ਅਤੇ ਹੱਲਵੇ ਮਾਂਡੇ ਦੇ ਲਾਲਚ, ਸੰਗਤਾਂ ਨੂੰ ਦਿਵਾਲੀਆ ਵਿਚ ਉਲਝਾਉਣ ਦੇ ਜ਼ਿੰਮੇਵਾਰ ਬਣਦੇ ਹਨ ਜਿਥੋਂ ਕਿ ਸਾਨੂੰ ਸੰਭਲਣ ਦੀ ਵੱਡੀ ਲੋੜ ਹੈ।

**ਵਿਦੇਸ਼ਾਂ ਵਿਚ ਦਿਵਾਲੀ** - ਹੱਥਲੇ ਗੁਰਮੱਤ ਪਾਠ ਦੀ ਤਿਆਰੀ ਸਮੇਂ ਸੰਨ 1996 ਵਿਚ, ਜਦੋਂ ਲੇਖਕ ਅਮ੍ਰੀਕਾ-ਕਨੇਡਾ ਦੇ ਅਪਣੇ ਗੁਰਮੱਤ ਪ੍ਰਚਾਰ ਦੌਰੇ ਤੇ ਸੀ-ਉਥੇ ਤਾਂ ਦਿਵਾਲੀ ਦਾ ਨਜ਼ਾਰਾ ਹੀ ਕੁਝ ਹੋਰ ਸੀ। ਉਥੇ ਦਿਵਾਲੀ ਨੂੰ ਸੱੜਕਾਂ ਤੇ ਆਤਸ਼ਬਾਜੀ ਤਾਂ ਨਹੀਂ ਹੋ ਸਕਦੀ। ਪਰ ਸੰਗਤਾਂ ਦਿਵਾਲੀ ਦੀ ਮਠਿਆਈ ਦੇ ਡੱਬੇ, ਮੋਮਬਤੀਆਂ, ਆਤਸ਼ਬਾਜੀ ਚੁੱਕੀ ਗੁਰਦੁਆਰੇ ਪੁਜ ਰਹੀਆਂ ਹੁੰਦੀਆਂ ਹਨ। ਮੰਦਰਾਂ ਤੋਂ ਵੱਧ ਗੁਰਦੁਆਰਿਆਂ ਵਿਚ ਦੀਪਮਾਲਾ ਕੀਤੀ ਜਾ ਰਹੀ ਹੁੰਦੀ ਹੈ। ਨਾਮ ਤਾਂ ਦਿੱਤਾ ਜਾਂਦਾ ਹੇ 'ਬੰਦੀ ਛੋੜ ਦਿਵਸ'। ਪਰ 'ਬੰਦੀ ਛੋੜ' ਵਾਲਾ ਜ਼ਿਕਰ ਬਿਲਕੁਲ ਨਾ ਦੇ ਬਰਾਬਰ ਹੁੰਦਾ ਹੈ। ਦਿਵਾਲੀ ਤਾਂ ਪੂਰੀ ਤਰ੍ਹਾਂ ਸਿੱਖ ਤਿਉਹਾਰ ਹੀ ਬਣਿਆ ਹੁੰਦਾ ਹੈ। ਪ੍ਰਬੰਧਕਾਂ, ਪ੍ਰਚਾਰਕਾਂ, ਰਾਗੀਆਂ, ਗ੍ਰੰਥੀ ਸਾਹਿਬਾਨ ਵਿੱਚਕਾਰ ਇਸਨੂੰ ਗੁਰਪੁਰਬਾਂ ਤੋਂ ਵੱਧ ਮਹਾਨਤਾ ਦਿੱਤੀ ਜਾਂਦੀ ਹੈ। ਇਹੀ ਹਾਲ ਉਥੇ ਦੀਆਂ ਸੰਗਤਾਂ ਵਿਚ ਵੀ ਹੈ। ਕੱਚੇ ਪਿਲੇ ਪ੍ਰਚਾਰਕ ਤਾਂ ਇਥੇ ਗੁਰਪੁਰਬਾਂ ਤੋਂ ਵੱਧ ਇਸ ਨੂੰ ਆਪਣਾ ਸੀਜ਼ਨ ਮੰਨੀ ਬੈਠੇ ਹੁੰਦੇ ਹਨ। ਡਾਲਰਾਂ ਦੀ ਚੰਮਕ-ਦਮਕ ਨੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਬੇਸੂਮੀ ਦੀ ਇਸ ਹੱਦ ਤੀਕ ਪਹੁੰਚਾਇਆ ਹੁੰਦਾ ਹੈ **"ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ" ਵਾਲੀ ਭਾਈ ਸਾਹਿਬ ਦੀ ਉਪ੍ਰੋਕਤ** ਪੰਕਤੀ ਤੋਂ ਸਿਵਾ ਅਤੇ ਉਹ ਵੀ ਉਸਦੇ ਗਲਤ ਅਰਥ ਨਾਲ ਆਮ ਵਰਤੀ ਜਾ ਰਹੀ ਹੁੰਦੀ ਹੈ। ਆਖਿਰ ਕੀ ਬਣੇਗਾ ਇਸ ਕੌਮ ਦਾ? ਇੱਤਨਾ ਹੀ ਨਹੀਂ ਇਸ ਤੋਂ ਬਾਦ ਵੀ ਜਿੱਤਨੀ ਵਾਰੀ 'ਦਿਵਾਲੀ' ਵਿਦੇਸ਼ਾਂ ਵਿਚ ਆਈ ਤਾਂ ਗਲ 'ਮਰਜ਼ ਬੜ੍ਹਤਾ ਗਿਆ' ਵਾਲੀ ਹੀ ਸੀ। ਬਿਮਾਰੀ ਵਾਧੇ ਤੇ ਸੀ ਹੀ ਘਾਟੇ ਤੇ ਨਹੀਂ।

**ਦਿਵਾਲੀ ਨਹੀਂ ਵਿਸਾਖੀ** - ਲੋੜ ਹੈ ਸਾਡੇ ਆਗੂ ਸੰਭਲਣ, ਸਾਡੇ ਪ੍ਰਚਾਰਕ ਵੀਰ ਅਪਣਾ ਫਰਜ਼ ਪਹਿਚਾਣਨ ਅਤੇ ਸੰਗਤਾਂ ਆਪ ਵੀ ਇਸ ਪਾਸੇ ਧਿਆਨ ਦੇਣ। ਮੂਲ ਰੂਪ ਵਿਚ ਦਿਵਾਲੀ ਨਿਰੋਲ ਬ੍ਰਾਹਮਣੀ ਭਾਵ ਬਿਪਰ ਤਿਉਹਾਰ ਹੈ। ਜਿਸ ਤੋਂ ਸਿੱਖ ਪਨੀਰੀ ਨੂੰ ਸੁਚੇਤ ਰਖਣਾ ਅਤੇ ਉਸਦੀ ਸੰਭਾਲ ਕਰਨੀ ਸਾਡਾ ਫਰਜ਼ ਬਣਦਾ ਹੈ। ਨਾ ਕਿ ਆਪ ਹੀ ਸੰਗਤਾਂ ਨੂੰ ਗੁਰਦੁਆਰਿਆਂ ਵਿਚ ਮਠਿਆਇਆਂ ਲਿਆਉਣ ਜਾਂ ਦੀਪਮਾਲਾਵਾਂ, ਆਤਿਸ਼ਬਾਜ਼ੀਆਂ ਕਰਨ ਵਾਸਤੇ ਉਤਸਾਹਤ ਕਰਨਾ। ਇਹ ਸਭ ਕੁਝ ਗੁਰੂ ਨਾਨਕ ਪਾਤਸ਼ਾਹ ਦੀ ਨਿਆਰੀ ਸਿਖੀ ਨਾਲ ਵੱਡਾ ਧਰੋਹ ਹੈ ਅਤੇ ਇਸ ਤਰ੍ਹਾਂ ਅਸੀਂ ਅਮਾਨਤ ਵਿਚ ਖਿਆਨਤ ਦੇ ਜਿੰਮੇਵਾਰ ਹਾਂ । ਜਿਨ੍ਹਾਂ ਦਾ ਤਿਉਹਾਰ ਹੈ ਉਹ ਰੱਜ ਰੱਜ ਮਨਾਉਣ, ਸਾਨੂੰ ਕੋਈ ਗਿੱਲਾ ਜਾਂ ਰੰਜ ਨਹੀਂ ਪਰ ਸਿੱਖੀ ਨਾਲ ਇਸਦਾ ਦੂਰ ਦਾ ਵੀ ਵਾਸਤਾ ਨਹੀਂ। ਮੁਸਲਮਾਨ ਵੀਰ 'ਈਦ', 'ਇਸਾਈ' ਕ੍ਰਿਸਮਸ ਨੂੰ ਆਪਣੇ ਤੋਹਫ਼ਿਆਂ ਆਦਿ ਵਾਸਤੇ ਵਰਤਦੇ ਹਨ ਤਾਂ ਸਿੱਖ-ਗੁਰੂ ਨਾਨਕ ਆਗਮਨ 'ਵਿਸਾਖੀ' ਨੂੰ ਕਿਉਂ ਨਹੀਂ ਇਸ ਪਾਸੇ ਪੱਕਾ ਕਰ ਸਕਦੇ? ਪੰਥ ਦੇ ਲੀਡਰਾਂ-ਪ੍ਰਬੰਧਕਾਂ ਅਤੇ ਪ੍ਰਚਾਰਕਾਂ ਨੂੰ ਵੰਗਾਰ ਹੈ ਕਿ ਜੇਕਰ ਤਨੋਂ-ਮਨੋਂ ਇਸ ਵਾਸਤੇ ਇਮਾਨਦਾਰ ਹਨ ਅਤੇ ਚਾਹੰਦੇ ਹਨ ਕਿ ਸਿੱਖਾਂ ਦਾ ਅਪਨੀ ਹੀ ਜਨਮਭੂਮੀ ਭਾਰਤ ਵਿਚ ਬੋਧੀਆਂ ਅਤੇ ਜੈਨੀਆਂ ਵਾਲਾ ਹਾਲ ਨਾ ਹੋਵੇ ਤਾਂ ਉਨ੍ਹਾਂ ਨੂੰ ਇਸ ਬ੍ਰਾਹਮਣੀ ਸਾਮ-ਦਾਮ-ਕਾਮ ਵਾਰ ਤੋਂ ਬਹੁਤ ਸੁਚੇਤ ਹੋਣ ਦੀ ਲੋੜ ਹੈ। 17ਸ96।8ਸ040

Including this Gurmat Lesson No 17

ਦਿਵਾਲੀ ਅਤੇ ਸਿੱਖ

For all the Gurmat Lessons written by 'Principal Giani Surjit Singh' Sikh Missionary, Delhi, all the rights are reserverd with the writer, but easily available for Distribution within 'Guru Ki Sangat' with an intention of Gurmat Parsar, at quite a nominal printing cost i.e. mostly Rs 200/- to 300/- (in rare cases upto 400/-)per hundred copies . (+P&P.Extra) From 'Gurmat Education Centre, Delhi', Postal Address- J-IV/46- II Fl. Old D/S Lajpat Nagar.-4 New Delhi-110024 Ph. 91-11-26487315

web site- www.gurbaniguru.com

---

*O Nanak, the boat of truth will ferry you across; contemplate the Guru. Some come, and some go; they are totally filled with egotism. Through stubborn-mindedness, the intellect is drowned; one who becomes Gurmukh and truthful is saved. Without the Guru, how can anyone swim across to find peace?*